ੴ ਸਤਿਗੁਰ ਪ੍ਰਸਾਦਿ ।।

# ਸ਼ਹੀਦੀ
# ਗੁਰੂ ਅਰਜਨ ਦੇਵ ਜੀ

ਲੇਖਕ : ਜਸਬੀਰ ਸਿੰਘ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ੴ ਸਤਿਗੁਰ ਪ੍ਰਸਾਦਿ ॥

# ਸ਼ਹੀਦੀ – ਗੁਰੂ ਅਰਜਨ ਦੇਵ ਜੀ

Sunder Glass & Plywood
Chandigarh
Shop No 243 Sec. 34C

ਲੇਖਕ :
ਜਸਬੀਰ ਸਿੰਘ

Sri Satguru Jagjit Singh Ji eLibrary NamdhariElibrary@gmail.com

ਸਭ ਹੱਕ ਲੇਖਕ ਦੇ ਰਾਖਵੇਂ ਹਨ

ਪਹਿਲੀ ਵਾਰ 1996

ਮੁੱਲ : ਰੁਪਏ **10.00**

ਟਾਈਪ ਸੈਟਿੰਗ :-

**ਟਰੂ ਕੰਪਿਊਟਰਜ਼**

ਫੋਨ : 2227791,

ਪ੍ਰਿੰਟਰ : ਹਿਦੁੰਸਤਾਨ ਆਫਸੈਟ ਪ੍ਰਿੰਟਰਸ,
ਨਾਰਾਇਨਾ, ਇਡੰਸਟਰੀਅਲ ਏਰੀਆ, ਨਵੀਂ ਦਿੱਲੀ।

Sri Satguru Jagjit Singh Ji eLibrary NamdhariElibrary@gmail.com

# ਮੁਖ ਬੰਧ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਬਾਰੇ ਅਨੇਕ ਪੁਸਤਕਾਂ ਲਿਖੀਆਂ ਗਈਆਂ ਹਨ। ਪਰ ਇਹ ਪੁਸਤਕ ਆਪਣੇ ਕਿਸਮ ਦੀ ਨਿਵੇਕਲੀ ਪੁਸਤਕ ਹੈ। ਇੰਝ ਕਹਿ ਸਕਦੇ ਹਾਂ ਕਿ ਇਹ ਪੁਸਤਕ ਸਾਚੀ ਸਾਖੀ ਕ੍ਰਿਤ ਸਿਰਦਾਰ ਕਪੂਰ ਸਿੰਘ ਵਿਚ ਦਿਤੇ ਗਏ ਸ਼ਹੀਦੀ ਦੇ ਕਾਰਨਾਂ ਦਾ ਹੋਰ ਵਿਸਥਾਰ ਹੈ।

ਇਸ ਵਿਚ ਸਪਸ਼ਟ ਦਰਸਾਇਆ ਗਿਆ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕੀ ਕਾਰਨ ਸਨ ਅਤੇ ਕੌਣ ਕੌਣ ਜ਼ਿੰਮੇਵਾਰ ਸਨ। ਹਵਾਲੇ ਦੇ ਕੇ ਇਹ ਦਰਸਾਇਆ ਗਿਆ ਹੈ ਕਿ ਪੰਚਮ ਪਾਤਸ਼ਾਹ ਦੀ ਸ਼ਹੀਦੀ ਦੇ ਜ਼ਿੰਮੇਵਾਰ ਚੰਦੂ ਜਾਂ ਜਹਾਂਗੀਰ ਨਹੀਂ ਸਨ ਬਲਕਿ ਸ਼ੇਖ ਅਹਿਮਦ ਸਰਹੱਦੀ ਸੀ ਜੋ ਕਿ ਇਸਲਾਮ ਨੂੰ ਫੈਲਾਉਣਾ ਚਾਹੁੰਦਾ ਸੀ ਪਰ ਗੁਰੂ ਨਾਨਕ ਦੇਵ ਜੀ ਦੀ ਮਾਰਗ ਤੋਂ ਡਰਦਾ ਸੀ ਜੋ ਕਿ ਉਸ ਦੇ ਕਾਜ ਦੀ ਪੂਰਤੀ ਵਿਚ ਰੁਕਾਵਟ ਬਣ ਰਿਹਾ ਸੀ। ਉਸ ਨੇ ਹੀ ਅਕਬਰ ਤੋਂ ਬਾਦ ਬਾਦਸ਼ਾਹ ਜਹਾਂਗੀਰ ਨੂੰ ਗਦੀ ਤੇ ਬਿਠਾਇਆ ਕਿਉਂਕਿ ਜਹਾਂਗੀਰ ਕੰਨ ਦਾ ਕੱਚਾ ਸੀ। ਇਸ ਨੇ ਹੀ ਖੁਸਰੋ ਨੂੰ ਮਰਵਾ ਦਿਤਾ ਅਤੇ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਅਰਜਨ ਦੇਵ ਜੀ ਦੇ ਖਿਲਾਫ ਝੂਠੀਆਂ ਤੋਹਮਤਾਂ ਲਾ ਕੇ ਭੜਕਾਇਆ। ਬਾਦਸ਼ਾਹ ਜਹਾਂਗੀਰ ਦੀ ਗੈਰ ਹਾਜ਼ਿਰੀ ਵਿਚ ਇਸ ਨੇ "ਤੁਜਕਿ ਜਹਾਂਗੀਰੀ" ਨਾਮਕ ਰੋਜ਼ਨਾਮਚੇ ਵਿਚ ਬਾਦਸ਼ਾਹ ਜਹਾਂਗੀਰ ਦੇ ਨਾਂ ਹੇਠ ਦਰਜ ਕਰਵਾਇਆ ਕਿ ਜਿਵੇਂ ਬਾਦਸ਼ਾਹ ਜਹਾਂਗੀਰ ਨੇ ਖੁਦ ਪੰਚਮ ਪਾਤਸ਼ਾਹ ਨੂੰ ਸ਼ਹੀਦ ਕਰਨ ਦੀ ਆਗਿਆ ਦਿਤੀ ਹੋਵੇ।

ਇਸ ਪੁਸਤਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਤਰੀਕੇ ਦੇ ਬਾਰੇ ਵੀ ਵਿਸਥਾਰਤ ਚਰਚਾ ਕੀਤੀ ਗਈ ਹੈ। ਕੁਲ ਮਿਲਾਕੇ ਇਹ ਪੁਸਤਕ ਉਨਾਂ ਸਜਣਾਂ ਵਾਸਤੇ ਲਾਹੇਵੰਦੀ ਹੈ ਜੋ ਕਿ ਆਮ ਪ੍ਰਚਲਤ ਪੁਸਤਕਾਂ ਤੋਂ ਹਟ ਕੇ ਗੁਰ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਅਤੇ ਅਸਲੀ ਛੜਯੰਤਰਕਾਰੀਆਂ ਬਾਰੇ ਵਿਸਥਾਰ ਨਾਲ ਜਾਣਨਾ ਚਾਹੁੰਦੇ ਹਨ। ਲੇਖਕ ਇਸ ਗਲ ਲਈ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਸਿਧੇ ਸਾਧੇ ਲਫਜ਼ਾਂ ਵਿਚ ਗੁਰੂ ਅਰਜਨ ਪਾਤਸ਼ਾਹ ਜੀ ਦੀ ਸ਼ਹੀਦੀ ਦੇ ਕਾਰਨਾਂ ਅਤੇ ਵਿਉਂਤ ਦੇ ਉਪਰ ਪਏ ਪਰਦਿਆਂ ਨੂੰ ਹਟਾ ਕੇ ਸੰਗਤ ਦੇ ਸਾਹਮਣੇ ਲਿਆਉਣ ਦੀ ਇਮਾਨਦਾਰ ਕੋਸ਼ਿਸ਼ ਕੀਤੀ ਹੈ।

ਮਨਜੀਤ ਸਿੰਘ 'ਖਾਲਸਾ'

Sri Satguru Jagjit Singh Ji eLibrary NamdhariElibrary@gmail.com

ਸੰਖੇਪ ਜੀਵਨ

# ਸ੍ਰੀ ਗੁਰੂ ਅਰਜਨ ਦੇਵ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ੧੫ ਅਪ੍ਰੈਲ, ੧੫੬੩ ਨੂੰ ਗੋਇੰਦਵਾਲ ਵਿਖੇ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। ੧੧ ਸਾਲ ਦੀ ਉਮਰ ਤੱਕ ਗੋਇੰਦਵਾਲ ਵਿੱਚ ਪ੍ਰਪੱਕ ਹੋਏ। ਜਦੋਂ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਤਾਂ ਆਪ ਪਿਤਾ ਗੁਰੂ ਰਾਮਦਾਸ ਜੀ ਨਾਲ ਗੁਰੂ ਕੇ ਚੱਕ ਵਿਖੇ ਆ ਗਏ। ੧੮ ਸਾਲ ਦੀ ਉਮਰ ਵਿੱਚ ਗੁਰੂ ਰਾਮਦਾਸ ਜੀ ਨੇ ਆਪ ਨੂੰ ਗੁਰਿਆਈ ਦੇ ਯੋਗ ਜਾਣ ਕੇ ਗੁਰਿਆਈ ਬਖਸ਼ ਦਿੱਤੀ ਨਾਲ ਹੀ ਗੁਰਬਾਣੀ ਦਾ ਸਾਰਾ ਖਜ਼ਾਨਾ, ਜੋ ਉਹਨਾਂ ਕੋਲ ਪਹਿਲੇ ਗੁਰੂ ਸਾਹਿਬਾਨ ਤੇ ਭਗਤਾਂ ਦੀ ਬਾਣੀ ਦਾ ਸੀ, ਉਹ ਵੀ ਬਖਸ਼ ਦਿੱਤਾ। ਇਸ ਤੇ ਬਾਬਾ ਪ੍ਰਿਥੀ ਚੰਦ ਨਾਰਾਜ਼ ਹੋ ਗਿਆ। ਉਹ ਵੱਡਾ ਹੋਣ ਕਰਕੇ ਗੁਰਿਆਈ ਤੇ ਆਪਣਾ ਹੱਕ ਸਮਝਦਾ ਸੀ।

੧ ਸਤੰਬਰ, ੧੫੮੧ ਨੂੰ ਗੁਰੂ ਰਾਮਦਾਸ ਜੀ ਗੋਇੰਦਵਾਲ ਵਿਖੇ ਜੋਤੀ ਜੋਤ ਸਮਾਏ। ਦਸਤਾਰ-ਬੰਦੀ ਦੀ ਰਸਮ ਸਮੇਂ ਸੰਗਤਾਂ ਦਾ ਇਕੱਠ ਹੋਇਆ। ਭੱਟ ਵੀ ਦਰਸ਼ਨ ਕਰਨ ਆਏ। ਇਹਨਾਂ ਹਰੇਕ ਗੁਰੂ ਵਿਅਕਤੀ ਦੀ ਵਡਿਆਈ ਤੇ ਸਵਈਏ ਉਚਾਰਨ ਕੀਤੇ ਜੋ ਗੁਰੂ ਗਰੰਥ ਸਾਹਿਬ ਵਿੱਚ ਦਰਜ ਹਨ।

ਗੁਰੂ ਜੀ ਵਾਪਸ ਗੁਰੂ ਚੱਕ ਆ ਗਏ। ਪ੍ਰਿਥੀ ਚੰਦ ਨੇ ਬਹੁਤ ਵਿਰੋਧਤਾ ਕੀਤੀ ਪਰ ਗੁਰੂ ਜੀ ਸ਼ਾਂਤ ਚਿੱਤ ਅਡੋਲ ਰਹੇ। ਅੰਮ੍ਰਿਤਸਰ ਸਰੋਵਰ ਦੀ ਸੇਵਾ ਅਰੰਭ ਕਰਾਈ, ਸੰਗਤਾਂ ਨੂੰ ਦਸਵੰਧ ਦੇਣ ਦੀ ਪ੍ਰੇਰਨਾ ਕੀਤੀ। ਸਰੋਵਰ ਸੰਨ ੧੫੮੮ ਵਿੱਚ ਮੁਕੰਮਲ ਹੋਇਆ, ਇਸ ਦਾ ਨਾਂ ਗੁਰੂ ਅਰਜਨ ਦੇਵ ਜੀ ਨੇ 'ਅੰਮ੍ਰਿਤਸਰ' ਰਖਿਆ। ਗੁਰੂ ਅਰਜਨ ਸਾਹਿਬ ਨੇ ਸਰੋਵਰ ਦੇ ਵਿਚਾਕਰ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਆਪਣੇ ਪਿਆਰੇ ਸਿੱਖ ਸਾਈਂ ਮੀਆਂ ਮੀਰ ਪਾਸੋਂ ਅਕਤੂਬਰ, ੧੫੮੮ ਵਿੱਚ ਰਖਵਾਈ। ਅੰਮ੍ਰਿਤਸਰ ਸਰੋਵਰ ਦੇ ਨਾਮ ਤੇ ਸ਼ਹਿਰ ਦਾ ਨਾਮ ਵੀ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ।

ਸੰਨ ੧੫੮੯ ਵਿੱਚ ਆਪ ਦੀ ਸ਼ਾਦੀ ਪਿੰਡ ਮੌ, ਤਹਿਸੀਲ ਫਿਲੌਰ ਦੇ ਵਸਨੀਕ ਸ੍ਰੀ ਕ੍ਰਿਸ਼ਨ ਚੰਦ ਦੀ ਸਪੁਤਰੀ ਮਾਤਾ ਗੰਗਾ ਜੀ ਨਾਲ ਹੋਈ, ਜਿਹਨਾਂ ਦੀ ਕੁਖੋਂ (ਗੁਰੂ) ਹਰਗੋਬਿੰਦ ਸਾਹਿਬ ਨੇ ਜਨਮ ਲਿਆ।

ਆਪ ਨੇ ਮਾਝੇ ਦੇ ਪਿੰਡਾਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਤਰਨ ਤਾਰਨ ਵਸਾਇਆ। ਖਡੂਰ, ਗੋਇੰਦਵਾਲ, ਸਰਹਾਲੀ, ਖਾਨਪੁਰ ਆਦਿ ਸਾਰੇ ਇਲਾਕਿਆਂ ਵਿੱਚ ਪ੍ਰਚਾਰ ਕੀਤਾ। ਸੰਨ ੧੫੯੦ ਵਿੱਚ ਕਰਤਾਰਪੁਰ ਵਸਾਇਆ। ਦੁਆਬੇ ਵਿੱਚ ਅਨੇਕਾਂ ਸਖੀ ਸਰਵਰੀਏ ਲੋਕ ਸਿੱਖ ਬਣੇ। ਸੰਨ ੧੫੯੫ ਵਿੱਚ ਸਖਤ ਔੜ



Sri Satguru Jagjit Singh Ji eLibrary NamdhariElibrary@gmail.com

ਲੱਗ ਗਈ। ਪਾਣੀ ਦੀ ਥੁੜ੍ਹ ਨੂੰ ਮੁੱਖ ਰੱਖ ਕੇ ਕਈ ਪਿੰਡਾਂ ਵਿੱਚ ਖੂਹ ਲਵਾਏ।

ਲਾਹੌਰ ਵਿੱਚ ਕਾਲ ਪੈ ਗਿਆ। ਕਾਲ ਦੇ ਕਾਰਨ ਕਈ ਬੀਮਾਰੀਆਂ ਫੈਲ ਗਈਆਂ। ਲਾਹੌਰ ਸ਼ਹਿਰ ਦੀਆਂ ਗਲੀਆਂ ਤੇ ਬਜ਼ਾਰ ਮੁਰਦਿਆਂ ਨਾਲ ਭਰੇ ਜਾਣ ਲਗੇ। ਗੁਰੂ ਜੀ ਸਿੱਖਾਂ ਤੇ ਪਰਿਵਾਰ ਸਮੇਤ ਪਹੁੰਚੇ। ਸਾਰਾ ਦਸਵੰਧ ਦੁਖੀਆਂ ਦੇ ਦੁੱਖ ਵੰਡਾਉਣ ਲਈ ਖਰਚ ਕੀਤਾ। ਆਪਣੇ ਹੱਥੀਂ ਸੇਵਾ ਕੀਤੀ। ਅਕਬਰ ਬਾਦਸ਼ਾਹ ਆਗਰੇ ਤੋਂ ਲਾਹੌਰ ਆਇਆ। ਗੁਰੂ ਘਰ ਦੀ ਸੇਵਾ ਤੋਂ ਪ੍ਰਸੰਨ ਹੋਇਆ ਤੇ ਗੁਰੂ ਜੀ ਦੇ ਕਹਿਣ ਤੇ ਕਿਸਾਨਾਂ ਦਾ ਮਾਮਲਾ ਮਾਫ਼ ਕਰ ਦਿੱਤਾ। ਗੁਰੂ ਅਰਜਨ ਸਾਹਿਬ ਨੇ ਚੂਨੇ ਮੰਡੀ ਵਿੱਚ ਗੁਰੂ ਰਾਮਦਾਸ ਜੀ ਦੇ ਜਨਮ ਅਸਥਾਨ ਦੀ ਇਮਾਰਤ ਸ਼ੁਰੂ ਕਰਵਾਈ। ਡੱਬੀ ਬਾਜ਼ਾਰ ਵਿੱਚ ਗੁਰਦੁਆਰਾ ਬਾਉਲੀ ਸਾਹਿਬ ਬਣਵਾਉਣਾ ਆਰੰਭ ਕੀਤਾ। ਇਸ ਤਰ੍ਹਾਂ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮਿਲਿਆ। ਯਤੀਮਾਂ ਦੀ ਪਾਲਣਾ ਲਈ ਆਸ਼ਰਮ ਬਣੇ, ਲੰਗਰ ਜਾਰੀ ਕੀਤੇ ਗਏ। ਗੁਰੂ ਅਰਜਨ ਦੇਵ ਜੀ ੮ ਮਹੀਨੇ ਲਾਹੌਰ ਵਿਖੇ ਸੇਵਾ ਤੇ ਲਗੇ ਰਹੇ।

ਲਾਹੌਰ ਤੋਂ ਵਾਪਸ ਪਿੰਡਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਕੇ ਗੁਰੂ ਜੀ ਗੋਇੰਦਵਾਲ ਤੋਂ ਹੋ ਕੇ ਅੰਮ੍ਰਿਤਸਰ ਪੁਜੇ। ਥੋੜ੍ਹਾ ਸਮਾਂ ਅੰਮ੍ਰਿਤਸਰ ਠਹਿਰ ਕੇ ਡੇਰਾ ਬਾਬਾ ਨਾਨਕ, ਕਰਤਾਰਪੁਰ, ਕਲਾਨੌਰ, ਬਾਰਠ ਆਦਿਕ ਪਿੰਡਾਂ ਵਿੱਚ ਦੋ ਸਾਲ ਦਾ ਚੱਕਰ ਲਾ ਕੇ ਸਿੱਖੀ ਪ੍ਰਚਾਰ ਕੀਤਾ, ਸੰਨ ੧੬੦੧ ਵਿੱਚ ਵਾਪਸ ਅੰਮ੍ਰਿਤਸਰ ਆ ਗਏ। ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਮੁਕੰਮਲ ਹੋ ਚੁੱਕੀ ਸੀ, ਜਿਸ ਵਿੱਚ ਰੋਜ਼ਾਨਾ ਸਤਿਸੰਗ ਦੀ ਮਰਯਾਦਾ ਕਾਇਮ ਕੀਤੀ।

ਅੰਮ੍ਰਿਤਸਰ ਵਾਪਸ ਆਉਣ ਸਮੇਂ ਬਾਲ (ਗੁਰੂ) ਹਰਗੋਬਿੰਦ ਜੀ ਨੂੰ ਸੀਤਲਾ (ਚੇਚਕ) ਨਿਕਲ ਆਈ। ਕੁਝ ਹਿੰਦੂ ਨਰ ਨਾਰੀ ਵੀ ਬੱਚੇ ਦੀ ਸੁਰਤ ਲੈਣ ਆਏ। ਕਈਆਂ ਪ੍ਰੇਰਨਾ ਕੀਤੀ ਕਿ ਸੀਤਲਾ ਦੇ ਮੰਦਰ ਮੱਥਾ ਟਿਕਾਉ। ਗੁਰੂ ਜੀ ਨੇ ਭਰਮੀ ਲੋਕਾਂ ਨੂੰ ਸਮਝਾਇਆ ਕਿ ਸੀਤਲਾ ਕੋਈ ਦੇਵੀ ਨਹੀਂ। ਇਹ ਤਾਂ ਬੀਮਾਰੀ ਹੈ ਤੇ ਇਸਦਾ ਇਲਾਜ ਕਰਨਾ ਚਾਹੀਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਤਿਆਰੀ ਤੋਂ ਬਾਅਦ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਦਾ ਕੰਮ ਅਰੰਭ ਕਰਵਾਇਆ। ਸਾਰੀ ਬਾਣੀ ਗੁਰੂਆਂ ਦੀ ਤੇ ਭਗਤਾਂ ਦੀ ਉਹਨਾਂ ਕੋਲ ਸੀ। ਉਹਨਾਂ ਇਸ ਕੰਮ ਲਈ ਭਾਈ ਗੁਰਦਾਸ ਜੀ ਦੀ ਸੇਵਾ ਲਗਾਈ। ਭਾਈ ਗੁਰਦਾਸ ਜੀ ਨੇ ਰਾਮਸਰ ਸਰੋਵਰ ਦੇ ਕੰਢੇ ਬੈਠ ਕੇ ਸੇਵਾ ਨਿਭਾਈ। ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਸਤੰਬਰ ਸੰਨ ੧੬੦੪ ਵਿੱਚ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਿਆ ਗਿਆ।

ਸਿੱਖ ਧਰਮ ਦੇ ਪ੍ਰਚਾਰ ਦੀ ਵੱਧ ਰਹੀ ਲਹਿਰ ਨੇ ਹਿੰਦੂਆਂ ਤੇ ਮੁਸਲਮਾਨਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਸਿੱਖ ਧਰਮ ਗ੍ਰਹਿਣ ਕਰਨ ਲਈ ਪ੍ਰੇਰਿਆ। ਬਹੁਤ ਸਾਰੇ ਮੁਸਲਮਾਨ ਸਿੱਖ ਬਣੇ। ਇਹ ਗੱਲ ਕੱਟੜ ਸ਼ਰਈ ਮੁਸਲਮਾਨਾਂ ਤੇ ਮੌਲਾਨਿਆਂ ਲਈ ਬਹੁਤ ਚੁਭਵੀਂ ਸੀ। ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫਰੀਦ ਬੁਖਾਰੀ ਵਰਗੇ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਦਾ ਸਾਥ ਦੇ ਕੇ ਉਸਨੂੰ ਅਕਬਰ ਤੋਂ ਬਾਅਦ ਰਾਜ ਗੱਦੀ ਤੇ ਬੈਠਾਇਆ ਤੇ ਸਾਰਾ ਜ਼ੋਰ ਲਾ ਕੇ ਉਸਦੇ ਕੰਨ ਭਰੇ ਕਿ ਸਿੱਖੀ ਦੀ ਇਸ ਲਹਿਰ ਨੂੰ ਖਤਮ ਕਰਨਾ ਚਾਹੀਦਾ ਹੈ। ਜਹਾਂਗੀਰ ਨੇ ਖੁਸਰੋ ਦੀ ਬਗਾਵਤ ਸਮੇਂ ਗੁਰੂ ਜੀ ਉੱਤੇ ਸਹਾਇਤਾ ਕਰਨ ਦਾ ਝੂਠਾ ਇਲਜ਼ਾਮ ਲਗਾ ਕੇ ਗੁਰੂ ਅਰਜਨ ਦੇਵ ਜੀ ਨੂੰ ਜੁਰਮਾਨਾ ਕਰਨ ਦਾ ਹੁਕਮ ਦੇ ਦਿੱਤਾ। ਗੁਰੂ ਜੀ ਵੀ ਜਾਣਦੇ ਸਨ ਕਿ ਅੱਗੋਂ ਕੀ ਹੋਣ ਵਾਲਾ ਹੈ। ਜਹਾਂਗੀਰ ਦੇ ਖ਼ਿਆਲਾਂ ਦੀ ਸਰੋਤ ਉਨ੍ਹਾਂ ਤੱਕ ਪੁੱਜ ਰਹੀ ਸੀ। ਉਹ ਜਾਣਦੇ ਸਨ ਕਿ ਟੱਕਰ ਅਵੱਸ਼ ਹੈ ਅਤੇ 'ਸਰੀਰ ਹੈ ਛੁਟਣਾ ਸੰਸਾ ਨਹੀਂ ਕੋਈ।' ਇਸ ਲਈ ਉਨ੍ਹਾਂ ਸਭ ਮੁਖੀ ਸਿੱਖਾਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰਨਾਂ ਨੂੰ ਬੁਲਾ ਲਿਆ ਤੇ ਗੁਰ-ਗੱਦੀ ਦੀ ਜ਼ਿੰਮੇਵਾਰੀ ੧੫ ਮਈ, ੧੬੦੬ ਈ. ਨੂੰ ਗੁਰੂ ਹਰਗੋਬਿੰਦ ਜੀ ਨੂੰ ਸੌਂਪੀ।

ਸੰਨ ੧੬੦੫ ਵਿੱਚ ਬਾਦਸ਼ਾਹ ਜਹਾਂਗੀਰ ਦੇ ਹੁਕਮ ਅਤੇ ਨਖਸ਼ ਬੰਦੀਆਂ ਦੇ ਮੁਰਸ਼ਦ ਸ਼ੇਖ ਅਹਿਮਦ ਸਰਹੱਦੀ ਦੀ ਸਾਜਿਸ਼ ਨਾਲ ਲਾਹੌਰ ਦੇ ਕਿਲ੍ਹੇ ਵਿੱਚ ਸ਼ਹੀਦ ਕਰ ਦਿੱਤਾ ਗਿਆ।



Sri Satguru Jagjit Singh Ji eLibrary NamdhariElibrary@gmail.com

੧ੴ ਸਤਿਗੁਰ ਪ੍ਰਸਾਦਿ।।

# ਸ਼ਹੀਦੀ – ਗੁਰੂ ਅਰਜਨ ਦੇਵ ਜੀ।।

ਸ਼ਹਿਜ਼ਾਦਾ ਸਲੀਮ (ਜਹਾਂਗੀਰ) ਇਕ ਵੱਡਾ ਸ਼ਰਾਬੀ ਮਨੁੱਖ ਸੀ। ਇਸ ਲਈ ਉਸ ਦਾ ਪਿਤਾ ਬਾਦਸ਼ਾਹ ਅਕਬਰ ਆਪਣਾ ਉਤਰਾਅਧਿਕਾਰੀ ਆਪਣੇ ਪੋਤਰੇ ਖੁਸਰੋ ਨੂੰ ਬਣਾਉਣਾ ਚਾਹੁੰਦਾ ਸੀ ਪਰੰਤੂ ਜਹਾਂਗੀਰ ਕਿਸੀ ਵੀ ਕੀਮਤ ਤੇ ਰਾਜ ਤਖਤ ਹਾਸਲ ਕਰਨ ਦੀ ਇੱਛਾ ਰੱਖਦਾ ਸੀ। ਇਸ ਲਈ ਉਸ ਨੇ ਆਪਣੇ ਇਕ ਵਿਸ਼ਵਾਸ਼ ਪਾਤਰ ਜਰਨੈਲ ਸ਼ੇਖ ਫ਼ਰੀਦ ਬੁਖ਼ਾਰੀ ਦੇ ਸਹਿਯੋਗ ਨਾਲ ਬਗਾਵਤ ਕਰ ਦਿਤੀ ਪਰੰਤੂ ਲੜਾਈ ਵਿਚ ਹਾਰ ਗਿਆ ਅਤੇ ਉਸ ਨੂੰ ਆਪਣੇ ਪਿਤਾ ਸਾਹਮਣੇ ਹਥਿਆਰ ਸੁੱਟ ਕੇ ਆਤਮ ਸਮਰਪਣ ਕਰਨਾ ਪਿਆ ਅਤੇ ਉਸ ਨੂੰ ਇਸ ਗਲਤੀ ਵਜੋਂ ਇਕ ਵਿਸ਼ੇਸ਼ ਕੈਦ ਖਾਨੇ ਵਿਚ ਰਹਿਣਾ ਪਿਆ। ਜਹਾਂਗੀਰ ਦੀ ਮਾਤਾ ਨੇ ਖ਼ੂਨ ਦੇ ਰਿਸ਼ਤੇ ਦੀ ਦੁਹਾਈ ਦੇ ਕੇ ਉਸ ਨੂੰ ਉਦਾਰਵਾਦੀ ਪਿਤਾ ਪਾਸੋਂ ਇਸ ਵੱਡੀ ਗਲਤੀ ਤੇ ਵੀ ਮਾਫ਼ੀ ਲੈ ਦਿੱਤੀ। ਹੁਣ ਉਸਨੇ ਦਰਬਾਰੀਆਂ ਅਤੇ ਮੌਲਵੀ- ਕਾਜ਼ੀਆਂ ਨੂੰ ਆਪਣੇ ਨਾਲ ਗੰਢਣਾ ਸ਼ੁਰੂ ਕੀਤਾ ਜਿਸ ਵਿਚ ਉਸਨੂੰ ਕਾਫ਼ੀ ਸਫਲਤਾ ਮਿਲੀ ਕਿਉਂਕਿ ਕੁਝ ਕਟੜ-ਪੰਥੀ ਲੋਕ ਉਦਾਰਵਾਦੀ ਖੁਸਰੋ ਨੂੰ ਪਸੰਦ ਨਹੀਂ ਸਨ ਕਰਦੇ। ਇਸ ਸਮੇਂ ਉਸਦੇ ਵਫ਼ਾਦਾਰ ਜਰਨੈਲ ਸ਼ੇਖ ਫ਼ਰੀਦ ਬੁਖ਼ਾਰੀ ਨੇ ਉਸਨੂੰ ਸਲਾਹ ਦਿਤੀ ਕਿ ਨਿਰਾ ਫੌਜੀ ਤਾਕਤ ਨਾਲ ਹੀ ਗਲ ਨਹੀਂ ਬਣਨੀ, ਸਾਨੂੰ ਜਨਤਾ ਵਿਚ ਆਪਣਾ ਰਸੂਖ ਵੀ ਪੈਦਾ ਕਰਨਾ ਚਾਹੀਦਾ ਹੈ। ਸੋ ਉਸ ਨੇ ਇਸ ਕੰਮ ਲਈ ਸ਼ੇਖ ਹੋਣ ਦੇ ਨਾਤੇ ਆਪਣੇ ਪੀਰ ਅਤੇ ਮੁਰਸ਼ਦ ਸ਼ੇਖ ਅਹਿਮਦ ਸਰਹੰਦੀ ਨਾਲ ਉਸ ਦਾ ਮੇਲ ਕਰਾਇਆ। ਸ਼ੇਖ- ਅਹਿਮਦ ਸਰਹੰਦੀ ਅੱਗੇ ਹੀ ਕੋਈ ਐਸੀ ਰਾਜਸੀ ਸ਼ਕਤੀ ਪ੍ਰਾਪਤ ਮਨੁੱਖ ਦੀ ਭਾਲ ਵਿਚ ਸੀ ਜਿਸ ਦੇ ਸਹਿਯੋਗ ਨਾਲ ਇਸਲਾਮ ਦਾ ਪ੍ਰਚਾਰ ਕੀਤਾ ਜਾ ਸਕੇ। ਸਮੇਂ ਦਾ ਪੂਰਾ -ਪੂਰਾ ਫਾਇਦਾ ਉਠਾਉਂਦੇ ਹੋਏ ਸ਼ੇਖ ਅਹਿਮਦ ਸਰਹੰਦੀ ਅਤੇ ਸ਼ੇਖ ਫ਼ਰੀਦ ਬੁਖ਼ਾਰੀ ਵਰਗੇ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਨਾਲ ਇਕ ਗੁਪਤ ਸਮਝੌਤਾ ਕੀਤਾ ਕਿ ਅਸੀਂ ਆਪਣੀ ਪੀਰੀ-ਫ਼ਕੀਰੀ ਨਾਲ ਪ੍ਰਾਪਤ ਕੀਤਾ ਰਸੂਖ ਤੈਨੂੰ ਤਖਤ ਦਿਵਾਉਣ ਲਈ ਵਰਤਾਂਗੇ ਜੇਕਰ ਤੂੰ ਇਸਲਾਮ ਦੇ ਵਾਧੇ ਲਈ ਰਾਜਸੀ ਸ਼ਕਤੀ ਦੀ ਵਰਤੋਂ ਕਰਨਾ ਮੰਨ ਲਵੇਂ।

ਜਹਾਂਗੀਰ ਕਿਸੀ ਵੀ ਕੀਮਤ ਤੇ ਤਖਤ ਪ੍ਰਾਪਤ ਕਰਨਾ ਚਾਹੁੰਦਾ ਸੀ, ਇਸ ਲਈ ਇਹ ਸਮਝੌਤਾ ਦੋਨਾਂ ਧਿਰਾਂ ਵਿੱਚ ਕਰ ਲਿਆ ਗਿਆ। ਹੁਣ ਸ਼ੇਖ ਫ਼ਰੀਦ ਬੁਖ਼ਾਰੀ ਦੇ ਨਾਲ- ਨਾਲ ਸ਼ੇਖ ਅਹਿਮਦ ਸਰਹੰਦੀ ਜਹਾਂਗੀਰ ਦਾ ਵੀ ਪੀਰ ਮੁਰਸ਼ਦ ਕਹਾਉਣ ਲੱਗਾ। ਜਿਸ ਕਾਰਨ ਜਹਾਂਗੀਰ ਨੂੰ ਤਖਤ ਦਿਵਾਉਣ ਦੀ ਜ਼ਿੰਮੇਵਾਰੀ ਇਹਨਾਂ ਦੋਨਾਂ



Sri Satguru Jagjit Singh Ji eLibrary NamdhariElibrary@gmail.com

ਤੇ ਆ ਗਈ। ਜਦ ਇਹਨਾਂ ਤੇ ਜਹਾਂਗੀਰ ਦਾ ਵਿਸ਼ਵਾਸ਼ ਬੱਝ ਗਿਆ ਤਾਂ ਸ਼ੇਖ ਅਹਿਮਦ ਸਰਹੰਦੀ ਨੇ ਆਪਣੀ ਪੀਰੀ ਦੇ ਰਸੂਖ ਨਾਲ ਅਕਬਰ ਨੂੰ ਕਾਇਲ ਕੀਤਾ ਕਿ ਉਹ ਆਪਣੇ ਵੱਡੇ ਲੜਕੇ ਨੂੰ ਤਖਤ ਦੇਵੇ ਜਿਸ ਤੇ ਉਸਦਾ ਹੱਕ ਬਣਦਾ ਹੈ। ਅਕਬਰ ਦਬਾਅ ਵਿੱਚ ਆ ਗਿਆ ਅਤੇ ਉਸਨੇ ਜਹਾਂਗੀਰ ਨੂੰ ਹੀ ਤਖ਼ਤ ਦਾ ਅਧਿਕਾਰੀ ਐਲਾਨਿਆ।

ਅਕਬਰ ਦੀ ਮੌਤ ਤੋਂ ਬਾਅਦ ਜਹਾਂਗੀਰ ਸ਼ੇਖ ਅਹਿਮਦ ਸਰਹੰਦੀ ਨੂੰ ਖ਼ੂਬ ਮਾਣ ਦੇਣ ਲੱਗਾ। ਇਥੋਂ ਤੱਕ ਕਿ ਸਾਰੇ ਰਾਜਸੀ ਕੰਮਾਂ ਵਿੱਚ ਉਸਦੀ ਸਲਾਹ ਹੀ ਸਰਕਾਰੀ ਹੁਕਮ ਜਾਂ ਕਾਨੂੰਨ ਹੁੰਦਾ। ਇਸ ਪ੍ਰਕਾਰ ਸਹਿਜੇ-ਸਹਿਜੇ ਜਹਾਂਗੀਰ ਇੱਕ ਕਠਪੁਤਲੀ ਬਣਕੇ ਰਹਿ ਗਿਆ ਤੇ ਸ਼ੇਖ ਅਹਿਮਦ ਸਰਹੰਦੀ ਬੇਤਾਜ ਬਾਦਸ਼ਾਹ ਬਣ ਗਿਆ। ਦੂਜੇ ਸ਼ਬਦਾਂ ਵਿੱਚ ਸਾਰੀਆਂ ਸਰਕਾਰੀ ਨੀਤੀਆਂ ਸ਼ੇਖ ਅਹਿਮਦ ਸਰਹੰਦੀ ਦੀਆਂ ਹੀ ਹੁੰਦੀਆਂ। ਬਾਦਸ਼ਾਹ ਸਿਰਫ ਐਸ਼ੋ-ਇਸ਼ਰਤ ਤੇ ਸ਼ਰਾਬ ਵਿਚ ਡੁੱਬਾ ਰਹਿਣ ਲੱਗਾ। ਅਜਿਹੀ ਹਾਲਤ ਵਿੱਚ ਸ਼ਹਿਜਾਦੇ ਖੁਸਰੋ ਨੇ ਤਖਤ ਪ੍ਰਾਪਤੀ ਲਈ ਬਗਾਵਤ ਕਰ ਦਿੱਤੀ। ਇਸ ਬਗਾਵਤ ਨੂੰ ਕੁਚਲਣ ਦਾ ਬੀੜਾ ਉਸ ਦੇ ਜਰਨੈਲ ਫ਼ਰੀਦ ਬੁਖ਼ਾਰੀ ਨੇ ਆਪਣੇ ਸਿਰ ਲੈ ਲਿਆ ਅਤੇ ਫੌਜ਼ ਲੈ ਕੇ ਖੁਸਰੋ ਦਾ ਪਿੱਛਾ ਕੀਤਾ। ਕਾਬਲ ਵੱਲ ਭੱਜਦੇ ਸਮੇਂ ਦਰਿਆ ਚਨਾਬ ਪਾਰ ਕਰਦੇ ਫੜ ਲਿਆ ਤੇ ਜਹਾਂਗੀਰ ਦੇ ਲਾਹੌਰ ਪਹੁੰਚਣ ਤੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਹੁਣ ਸੇਖ ਅਹਿਮਦ ਸਰਹੰਦੀ ਨੇ ਇਸ ਕਾਂਡ ਤੋਂ ਪੂਰਾ-੨ ਫਾਇਦਾ ਉਠਾਉਣ ਦੀ ਵਿਉਂਤ ਬਣਾਈ। ਜਿਸ ਅਨੁਸਾਰ ਉਸ ਨੇ ਇਸਲਾਮ ਦੇ ਵਾਧੇ ਵਿਚ ਰੁਕਾਵਟ ਜਾਪ ਰਹੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਹਾਨੇ ਨਾਲ ਖਤਮ ਕਰਵਾਉਣ ਦੀ ਸੋਚੀ। ਉਸ ਨੇ ਗੁਰਦੇਵ ਜੀ ਨੂੰ ਖੁਸਰੋ ਬਗਾਵਤ ਕਾਂਡ ਨਾਲ ਜੋੜਿਆ ਕਿ ਗੁਰਦੇਵ ਜੀ ਨੇ ਖੁਸਰੋ ਦੀਆਂ ਫੌਜ਼ਾਂ ਦੀ ਲੰਗਰ ਪਾਣੀ ਨਾਲ ਮਦਦ ਕੀਤੀ ਹੈ ਅਤੇ ਦੂਜਾ ਉਨ੍ਹਾਂ ਅਪਣੇ ਗ੍ਰੰਥ ਵਿੱਚ ਇਸਲਾਮ ਦੀ ਤੌਹੀਨ ਲਿਖੀ ਹੈ। ਇਸ ਲਈ ਉਸ ਨੂੰ ਤਲਬ ਕੀਤਾ ਜਾਵੇ ਅਤੇ ਅਪਣਾਂ ਨਵਾਂ ਗ੍ਰੰਥ ਵਿਖਾਉਣ ਲਈ ਫੁਰਮਾਨ ਜਾਰੀ ਕੀਤਾ ਜਾਏ। ਇਸ ਹੁਕਮ ਦੇ ਜਾਰੀ ਹੋਣ ਤੇ ਗੁਰਦੇਵ ਜੀ ਨੇ 'ਆਦਿ ਗ੍ਰੰਥ ਸਾਹਿਬ' ਪੰਜ ਮੁਖੀ ਸਿੱਖਾਂ ਦੀ ਸੇਵਾ ਸੰਭਾਲ ਵਿੱਚ ਨਾਲ ਲਿਆ ਅਤੇ ਲਾਹੌਰ ਪਹੁੰਚੇ, ਜਿੱਥੇ ਉਨ੍ਹਾਂ ਤੇ ਬਾਗੀ ਖੁਸਰੋ ਨੂੰ ਪਨਾਹ ਦੇਣ ਦੇ ਇਲਜ਼ਾਮ ਲਗਾਏ ਗਏ ਅਤੇ ਦੂਜੇ ਇਲਜ਼ਾਮ ਵਿੱਚ ਕਿਹਾ ਗਿਆ ਕਿ ਆਪ ਇਸਲਾਮ ਵਿਰੁੱਧ ਪਰਚਾਰ ਕਰਦੇ ਹੋ।

ਇਸ ਦੇ ਉਤੱਰ ਵਿੱਚ ਗੁਰਦੇਵ ਜੀ ਨੇ ਆਖਿਆ ਕਿ ਖੁਸਰੋ ਅਤੇ ਉਸਦੇ ਸਾਥੀਆਂ ਨੇ ਗੁਰੂ ਘਰ ਗੋਇੰਦਵਾਲ ਵਿੱਚੋਂ ਪ੍ਰਸ਼ਾਦਾ ਜ਼ਰੂਰ ਛਕਿਆ ਸੀ ਪਰੰਤੂ ਮੈਂ ਉਸ ਸਮੇਂ ਤਰਨ ਤਾਰਨ ਵਿਖੇ ਸਾਂ, ਵੈਸੇ ਪ੍ਰਸ਼ਾਦਾ ਛਕਣ ਗੁਰੂ ਨਾਨਕ ਦੇ ਦਰ ਤੇ ਕੋਈ ਵੀ ਆ ਸਕਦਾ ਹੈ। ਫਕੀਰਾਂ ਦਾ ਦਰ ਹੋਣ ਕਰਕੇ ਇਥੇ ਰਾਜਾ-ਰੰਕ ਦਾ ਭੇਦ



Sri Satguru Jagjit Singh Ji eLibrary NamdhariElibrary@gmail.com

ਨਹੀਂ ਕੀਤਾ ਜਾਂਦਾ। ਇਸ ਲਈ ਕਿਸੀ ਤੇ ਵੀ ਪਾਬੰਦੀ ਲਗਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਦਰ ਤੇ ਤੇਰੇ ਪਿਤਾ ਵੀ ਆਏ ਸਨ। ਉਨ੍ਹਾਂ ਵੀ ਪ੍ਰਸ਼ਾਦਾ ਛਕਿਆ ਸੀ ਅਤੇ ਆਪਣੇ ਆਪ ਨੂੰ ਸੰਤੁਸ਼ਟ ਮਹਿਸੂਸ ਕੀਤਾ ਸੀ।

ਇਹ ਉੱਤਰ ਸੁਣ ਕੇ ਬਾਦਸ਼ਾਹ ਦੀ ਤਾਂ ਤਸੱਲੀ ਹੋ ਗਈ ਪਰੰਤੂ ਸ਼ੇਖ ਅਹਿਮਦ ਸਰਹੰਦੀ ਅਤੇ ਉਸ ਦੇ ਸਾਥੀਆਂ ਨੇ ਆਖਿਆ ਕਿ "ਹਮ ਕੋ ਆਪਣਾ ਗ੍ਰੰਥ ਦਿਖਾਓ ਕਿਉਂ ਕਿ ਆਪ ਨੇ ਉਸ ਮੇਂ ਇਸਲਾਮ ਕੀ ਤੌਹੀਨ ਕੀ ਹੈ।" ਤਦ ਗੁਰਦੇਵ ਜੀ ਨੇ ਸਿੱਖਾਂ ਪਾਸੋਂ 'ਆਦਿ ਬੀੜ (ਸ੍ਰੀ ਗੁਰੂ ਗ੍ਰੰਥ ਸਾਹਿਬ)' ਦਾ ਪ੍ਰਕਾਸ਼ ਕਰਵਾਕੇ ਵਾਕ ਲੈਣ ਲਈ ਕਹਿਆ ਤਾਂ ਹੁਕਮ ਨਾਮਾ ਨਿਕਲਿਆ:-

***ਖਾਕ ਨੂਰ ਕਰਿਦੰ ਆਲਮ ਦਨਿਆਇ।।***

***ਅਸਮਾਨ ਜਿਮੀ ਦਰਖਤ ਆਬ ਪੈਦਾਇਸ ਖੁਦਾਇ।।੧।।***

(ਤਿਲੰਗ ਮ: ੫, ਪੰਨਾ ੭੨੩)

ਇਹ ਵਾਕ ਜਹਾਂਗੀਰ ਨੂੰ ਬਹੁਤ ਹੀ ਚੰਗਾ ਲਗਿਆ ਤਾਂ ਝੱਟ ਦੋਖੀਆਂ ਨੇ ਬਾਜ਼ੀ ਹਾਰਦੀ ਵੇਖ ਆਖਿਆ ਕਿ ਇਹ ਕਲਾਮ ਇਨ੍ਹਾਂ ਨੇ ਨਿਸ਼ਾਨੀ ਲਗਾ ਕੇ ਰੱਖੀ ਹੋਈ ਥਾਂ ਤੋਂ ਪੜ੍ਹਿਆ ਹੈ, ਅਬ ਕਿਸੀ ਔਰ ਜਗਾਹ ਸੇ ਪੜਨਾ ਚਾਹੀਏ ਤਾਂ ਜਹਾਂਗੀਰ ਨੇ ਆਪਣੇ ਹੱਥੀ ਕੁਝ ਪੱਤਰੇ ਪਰਤਾ ਕੇ ਦੁਬਾਰਾ ਪੜਨ ਲਈ ਕਿਹਾ ਤਦ ਇਹ ਸ਼ਬਦ ਆਇਆ:-

***ਅਵਲਿ ਅਲਹ ਨੂਰ ਉਪਾਇਆ, ਕਦਰਤਿ ਕੇ ਸਭ ਬੰਦੇ।।***

***ਏਕ ਨੂਰ ਤੇ ਸਭੁ ਜਗ ਉਪਜਿਆ, ਕਉਨ ਭਲੇ ਕਉਨ ਮੰਦੇ।।***

(ਪ੍ਰਭਾਤੀ ਕਬੀਰ, ਪੰਨਾ ੧੩੪੯)

ਇਹ ਸ਼ਬਦ ਸੁਣ ਕੇ ਜਹਾਂਗੀਰ ਖੁਸ਼ ਹੋ ਗਿਆ ਪ੍ਰੰਤੂ ਦੋਖੀ ਮੁੜ ਕਹਿਣ ਲੱਗੇ ਕਿ ਇਹ ਕਲਾਮ ਇਨ੍ਹਾਂ ਨੇ ਕੰਠ ਕੀਤਾ ਹੋਇਆ ਜਾਪਦਾ ਹੈ। ਇਸ ਲਈ ਕੋਈ ਆਪਣਾ ਆਦਮੀ ਜੋ ਗੁਰਮੁੱਖੀ ਅੱਖਰ ਜਾਣਦਾ ਹੋਵੇ ਉਸ ਪਾਸੋਂ ਪੜਵਾ ਕੇ ਦੇਖਣਾ ਹੈ। ਤਦ ਇਕ ਗੈਰ ਸਿੱਖ ਜੋ ਗੁਰਮੁੱਖੀ ਜਾਣਦਾ ਸੀ, ਨੂੰ ਬੁਲਾਕੇ ਤੇ ਕੁਝ ਪੱਤਰੇ ਪਰਤਕੇ ਪੜਨ ਲਈ ਕਿਹਾ ਗਿਆ, ਤਾਂ ਵਾਕ ਨਿਕਲਿਆ-

***ਬਿਸਰਿ ਗਈ ਸਭ ਤਾਤਿ ਪਰਾਈ,***

***ਜਬ ਤੇ ਸਾਧ ਸੰਗਤਿ ਮੋਹਿ ਪਾਈ।। ਰਹਾਓ।।***

(ਕਾਨੜਾ ਮ: ੫ ਪੰਨਾ ੧੨੯੯)

ਇਸ ਵਾਕ ਤੇ ਵੀ ਜਹਾਂਗੀਰ ਬਿਲਕੁਲ ਸੰਤੁਸ਼ਟ ਹੋ ਗਿਆ ਪਰ ਦੋਖੀ ਹਾਰ



Sri Satguru Jagjit Singh Ji eLibrary NamdhariElibrary@gmail.com

ਮੰਨਣ ਵਾਲੇ ਨਹੀਂ ਸਨ। ਉਨ੍ਹਾਂ ਆਖਿਆ 'ਚਲੋ ਠੀਕ ਹੈ ਪਰ ਇਸ ਮੇਂ ਹਜ਼ਰਤ ਮੁਹੰਮਦ ਸਾਹਿਬ ਤੇ ਇਸਲਾਮ ਕੀ ਤਾਰੀਫ਼ ਲਿਖਨੀ ਚਾਹੀਏ।' ਇਸ ਦੇ ਉੱਤਰ ਵਿੱਚ ਗੁਰਦੇਵ ਜੀ ਨੇ ਕਿਹਾ ਕਿ "ਇਹ ਗ੍ਰੰਥ ਅਸਾਂ ਸਰਵ-ਸਾਝਾਂ ਬਣਾਇਆ ਹੈ, ਕਿਸੀ ਵਿਅਕਤੀ ਵਿਸ਼ੇਸ਼ ਦੀ ਇਸ ਵਿਚ ਤਾਰੀਫ਼ ਨਹੀਂ ਲਿਖੀ ਜਾ ਸਕਦੀ ਅਤੇ ਨਾ ਹੀ ਕਿਸੇ ਖਾਸ ਫਿਰਕੇ ਦੀ ਤਾਰੀਫ਼ ਲਿਖੀ ਜਾ ਸਕਦੀ ਹੈ। ਇਹ ਗ੍ਰੰਥ ਸਿਰਫ਼ ਇਕ ਨਿਰੰਕਾਰ ਦੀ ਉਸਤਤਿ ਹੈ।" ਜਹਾਂਗੀਰ ਤਾਂ ਇਹ ਉੱਤਰ ਸੁਣ ਕੇ ਚੁੱਪ ਕਰ ਗਿਆ ਪਰੰਤੂ ਸ਼ੇਖ ਅਹਿਮਦ ਸਰਹੰਦੀ ਅਤੇ ਸ਼ੇਖ ਫ਼ਰੀਦ ਬੁਖ਼ਾਰੀ ਚੀਕ ਉੱਠੇ ਕਿ 'ਯਹ ਬਾਦਸ਼ਾਹ ਕੀ ਤੌਹੀਨ ਹੈ ਔਰ ਅਰਜਨ ਕੀ ਬਾਤੋਂ ਮੇਂ ਬਗਾਵਤ ਕੀ ਬੂ ਹੈ। ਇਸ ਲੀਏ ਇਸਕੋ ਮਾਫ ਨਹੀਂ ਕਰਨਾ ਚਾਹੀਏ।' ਇਸ ਤਰ੍ਹਾਂ ਚੁੱਕ ਵਿੱਚ ਆ ਕੇ ਬਾਦਸ਼ਾਹ ਵੀ ਗੁਰਦੇਵ ਤੇ ਜ਼ੋਰ ਪਾਉਣ ਲੱਗਾ ਕਿ 'ਆਪ ਕੋ ਅਪਨੇ ਗ੍ਰੰਥ ਮੇਂ ਹਜ਼ਰਤ ਮੁਹੰਮਦ ਸਾਹਿਬ ਔਰ ਇਸਲਾਮ ਕੀ ਤਾਰੀਫ਼ ਮੇਂ ਕੁਛ ਲਿਖਨਾ ਚਾਹੀਏ।' ਪ੍ਰੰਤੂ ਗੁਰਦੇਵ ਜੀ ਨੇ ਆਪਣੀ ਮਜ਼ਬੂਰੀ ਦੱਸਦੇ ਹੋਏ ਸਾਫ਼ ਇਨਕਾਰ ਕਰ ਦਿੱਤਾ। ਬਸ ਫਿਰ ਕੀ ਸੀ, ਦੋਖੀਆਂ ਨੂੰ ਮੌਕਾ ਮਿਲ ਗਿਆ। ਉਨ੍ਹਾਂ ਬਾਦਸ਼ਾਹ ਨੂੰ ਮਜ਼ਬੂਰ ਕੀਤਾ ਕਿ 'ਅਰਜੁਨ ਬਾਗੀ ਹੈ ਇਸ ਲੀਏ ਇਸਕੋ ਮੌਤ ਕੀ ਸਜ਼ਾ ਹੋਨੀ ਚਾਹੀਏ ਕਿਉਂਕਿ ਵੁਹ ਆਪਕੀ ਛੋਟੀ ਸੀ ਬਾਤ ਭੀ ਨਹੀਂ ਮਾਨਨੇ ਕੋ ਤਿਆਰ, ਇਸਨੇ ਆਪ ਕੀ ਹੁਕਮ-ਅਦੂਲੀ ਕਰਕੇ ਗੁਸਤਾਖੀ ਕੀ ਹੈ।'

ਇਸ ਤਰ੍ਹਾਂ ਬਾਦਸ਼ਾਹ ਨੇ ਦੋ ਲੱਖ ਰੁਪਏ ਦੰਡ ਲਗਾ ਦਿੱਤਾ ਅਤੇ ਆਪ ਉਥੋਂ ਤੁਰੰਤ ਕੂਚ ਕਰਕੇ ਸਿੰਧ ਇਲਾਕੇ ਵੱਲ ਚਲਾ ਗਿਆ ਕਿਉਂਕਿ ਉਹ ਜਾਣਦਾ ਸੀ ਕਿ ਮੇਰੇ ਪਾਸੋਂ, ਮੇਰੇ ਖੁਸ਼ਾਮਦੀਆਂ ਨੇ ਗਲਤ ਹੁਕਮ ਕਰਵਾ ਲਿਆ ਹੈ। ਬਾਦਸ਼ਾਹ ਦੇ ਜਾਣ ਪਿਛੋਂ ਦੋਖੀਆਂ ਨੇ ਲਾਹੌਰ ਦੇ ਗਵਰਨਰ ਮੁਰਤਜ਼ਾ ਖ਼ਾਨ ਤੋਂ ਮੰਗ ਕੀਤੀ ਕਿ ਉਹ ਅਰਜਨ ਪਾਸੋਂ ਢੰਡ ਵਸੂਲ ਕਰੇ। ਗੁਰਦੇਵ ਜੀ ਨੇ ਦੰਡ ਭਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਕਿ ਅਸਾਂ ਜਦੋਂ ਕੋਈ ਜੁਰਮ ਕੀਤਾ ਹੀ ਨਹੀਂ ਤਾਂ ਢੰਡ ਕਿਉਂ ਭਰੀਏ? ਲਾਹੌਰ ਦੀਆਂ ਸੰਗਤਾਂ ਵਿੱਚੋਂ ਕੁਝ ਧਨਾਢ ਸਿੱਖਾਂ ਨੇ ਦੰਡ ਦੀ ਮਾਇਆ ਭਰਨੀ ਚਾਹੀ ਪ੍ਰੰਤੂ ਗੁਰੂਦੇਵ ਜੀ ਨੇ ਸਿੱਖਾਂ ਨੂੰ ਮਨ੍ਹਾ ਕਰ ਦਿੱਤਾ। ਇਸ ਦਰਮਿਆਨ ਗੁਰੂਦੇਵ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਤੁਸੀ 'ਆਦਿ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬੀੜ ਦੀ ਸੇਵਾ-ਸੰਭਾਲ ਕਰਦੇ ਹੋਏ ਅੰਮ੍ਰਿਤਸਰ ਚਲੇ ਜਾਓ।

ਹੁਣ ਮੁਰਤਜ਼ਾ ਖ਼ਾਨ ਪ੍ਰੇਸ਼ਾਨ ਹੋ ਉਠਿਆ। ਇਕ ਪਾਸੇ ਤਾਂ ਉਸਨੂੰ ਬਾਦਸ਼ਾਹ ਦਾ ਹੁਕਮ ਸੀ ਦੂਜੀ ਤਰਫ਼ ਗੁਰੂ ਅਰਜਨ ਦੇਵ ਜੀ ਵਰਗੇ ਮਹਾਂਪੁਰਸ਼। ਉਹ ਸੋਚਾਂ ਵਿੱਚ ਪੈ ਗਿਆ ਕਿ ਕੀ ਕਰੇ? ਜੇਕਰ ਮੈਂ ਗੁਰੂ ਅਰਜਨ ਦੇਵ ਜੀ ਨੂੰ ਢੰਡ ਨਾ ਭੁਗਤਣ ਲਈ ਦੋਖੀਆਂ ਦੇ ਕਹਿਣ ਅਨੁਸਾਰ ਮੌਤ ਦੀ ਸਜ਼ਾ ਦੇਂਦਾ ਹਾਂ ਤਾਂ ਉਹ ਲਾਹੌਰ ਵਿੱਚ ਹਰਮਨ-ਪਿਆਰੇ ਹਨ। ਇਸ ਲਈ ਜਨਤਾ ਮੈਨੂੰ ਨਫ਼ਰਤ ਕਰੇਗੀ ਤੇ ਨਾਲੇ ਉਨ੍ਹਾਂ ਦਾ ਕਸੂਰ ਵੀ ਤਾਂ ਕੋਈ ਨਹੀਂ।



Sri Satguru Jagjit Singh Ji eLibrary NamdhariElibrary@gmail.com

ਅਸਲ ਵਿੱਚ ਮੁਰਤਜ਼ਾ ਖ਼ਾਨ ਲਾਹੌਰ ਦਾ ਕਾਫ਼ੀ ਲੰਬੇ ਸਮੇਂ ਤੋਂ ਗਵਰਨਰ ਚਲਿਆ ਆ ਰਿਹਾ ਸੀ। ਅਕਬਰ ਦੇ ਸ਼ਾਸਨ-ਕਾਲ ਵਿੱਚ ਜਦੋਂ ਲਾਹੌਰ ਵਿੱਚ ਕਾਲ ਪੈ ਗਿਆ ਸੀ ਤੇ ਸਮੇਂ-੨ ਚੇਚਕ, ਹੈਜ਼ਾ, ਪਲੇਗ, ਗਿਲਟੀ ਤਾਪ ਆਦਿ ਬਿਮਾਰੀਆਂ ਕਾਰਣ ਬਹੁਤ ਜਾਨੀ ਨੁਕਸਾਨ ਹੋਇਆ ਤਾਂ ਉਸ ਸਮੇਂ ਉਹ ਗੁਰਦੇਵ ਜੀ ਦੁਆਰਾ ਜਨਤਾ ਦੀ ਬਿਨਾਂ ਵਿਤਕਰੇ ਕੀਤੀ ਨਿਸ਼ਕਾਮ ਸੇਵਾ ਵੇਖ ਚੁੱਕਾ ਸੀ। ਗੁਰਦੇਵ ਜੀ ਦਾ ਹਰਮਨ ਪਿਆਰਾ ਹੋਣਾ ਅਤੇ ਸਾਂਈ ਮੀਆਂ ਮੀਰ ਜੀ ਦੀ ਗੁਰਦੇਵ ਜੀ ਨਾਲ ਗਹਿਰੀ ਮਿਤਰਤਾ ਉਸਤੋਂ ਛਿਪੀ ਹੋਈ ਨਹੀਂ ਸੀ। ਉਹ ਗੁਰਦੇਵ ਜੀ ਦਾ ਬਹੁਤ ਵੱਡਾ ਰਿਣੀ ਸੀ ਕਿਉਂਕਿ ਸੋਕੇ ਸਮੇਂ ਗੁਰਦੇਵ ਜੀ ਨੇ ਅਕਬਰ ਪਾਸੋਂ ਕ੍ਰਿਸਾਨਾਂ ਦਾ ਮਾਲੀਆ ਮੁਆਫ ਕਰਵਾ ਦਿੱਤਾ ਸੀ। ਜਿਸ ਕਰਕੇ ਉਹ ਗੁਰਦੇਵ ਜੀ ਦੇ ਪ੍ਰਸ਼ੰਸਕਾਂ ਵਿਚੋਂ ਸੀ। ਮੁਰਤਜ਼ਾ ਖ਼ਾਨ ਇਸ ਲਈ ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫ਼ਰੀਦ ਬੁਖ਼ਾਰੀ ਨਾਲ ਸਹਿਮਤ ਨਹੀਂ ਸੀ। ਉਹ ਨਹੀਂ ਸੀ ਚਾਹੁੰਦਾ ਕਿ ਇਕ ਸੱਚਾ ਮੁਸਲਮਾਨ ਹੋਣ ਦੇ ਨਾਤੇ ਉਸ ਦੇ ਹੱਥੋਂ ਕੋਈ ਗਲਤ ਕੰਮ ਹੋਵੇ। ਪ੍ਰੰਤੂ ਉਹ ਬੜੀ ਮਜ਼ਬੂਰੀ ਵਿੱਚ ਸੀ ਕਿਉਂਕਿ ਇੱਕ ਪਾਸੇ ਬਾਦਸ਼ਾਹ ਦੇ ਪੀਰ ਮੁਰਸ਼ਦ ਵਾਂਗੂ ਬਣੇ ਹੋਏ ਸ਼ੇਖ ਅਹਿਮਦ ਸਰਹੰਦੀ ਦੇ ਹੁਕਮ ਸਨ ਜਿਸਦੀ ਪੁਜ਼ੀਸਨ ਉਸ ਵੇਲੇ ਬੇਤਾਜ਼ ਬਾਦਸ਼ਾਹ ਤੋਂ ਘੱਟ ਨਹੀਂ ਸੀ। ਉਸ ਨਾਲ ਵਿਗਾੜਨੀ ਆਪਣੀ ਗਵਰਨਰੀ ਨੂੰ ਗੁਆਉਣਾ ਸੀ।

ਹਾਲੇ ਉਹ ਇਸੀ ਉਧੇੜ-ਬੁਣ ਵਿੱਚ ਸੀ ਕਿ ਉਸਦੀ ਮੁਸ਼ਕਿਲ ਦੀਵਾਨ ਚੰਦੂ ਨੇ ਹੱਲ ਕਰ ਦਿੱਤੀ ਕਿ ਅਰਜੁਨ ਨੂੰ ਮੇਰੇ ਹਵਾਲੇ ਕਰ ਦਿਓ। ਮੈਂ ਉਨ੍ਹਾਂ ਪਾਸੋਂ ਆਪਣੀ ਲੜਕੀ ਦਾ ਰਿਸ਼ਤਾ ਦਬਾਅ ਪਾਕੇ ਸਵੀਕਾਰ ਕਰਵਾਂ ਦਿਆਂਗਾ ਅਤੇ ਮੈਂ ਇਹ ਢੰਡ ਦੀ ਰਕਮ ਖਜ਼ਾਨੇ ਵਿੱਚ ਜਮ੍ਹਾਂ ਕਰਵਾ ਦੇਵਾਂਗਾ। ਮੈਂ ਇਹੀ ਸਮਝਾਂਗਾ ਕਿ ਇਹ ਰਕਮ ਆਪਣੀ ਲੜਕੀ ਨੂੰ ਦਹੇਜ ਵਿੱਚ ਦਿੱਤੀ ਹੈ। ਮੁਰਤਜ਼ਾ ਖ਼ਾਨ ਝੱਟ ਇਸ ਪ੍ਰਸਤਾਵ ਤੇ ਸਹਿਮਤ ਹੋ ਗਿਆ ਅਤੇ ਉਸਨੇ ਗੁਰਦੇਵ ਜੀ ਨੂੰ ਚੰਦੂ ਦੇ ਹਵਾਲੇ ਕਰ ਦਿਤਾ।

ਚੰਦੂ ਇਹ ਸੋਚ ਰਿਹਾ ਸੀ ਕਿ ਗੱਲ ਕੁਝ ਖਾਸ ਔਖੀ ਨਹੀਂ। ਅਰਜਨ ਹਕੂਮਤ ਦੇ ਡਰ ਤੋਂ ਮੇਰੀ ਲੜਕੀ ਦਾ ਰਿਸ਼ਤਾ ਕਬੂਲ ਕਰ ਲਏਗਾ ਅਤੇ ਮੇਰੀ ਸਫਲਤਾ ਇਸ ਵਿੱਚ ਹੈ ਕਿ ਮੈਂ ਮੁਸ਼ਕਿਲ ਸਮੇਂ ਮੁਰਤਜ਼ਾ ਖ਼ਾਨ ਦੇ ਕੰਮ ਆਵਾਂਗਾ। ਮੇਰਾ ਮਾਣ ਵਧੇਗਾ ਅਤੇ ਹੋਰ ਵੱਡਾ ਰੁਤਬਾ ਹਾਸਿਲ ਹੋਵੇਗਾ।

ਚੰਦੂ ਗੁਰਦੇਵ ਜੀ ਨੂੰ ਆਪਣੀ ਹਵੇਲੀ ਵਿੱਚ ਲੈ ਗਿਆ ਤੇ ਉਸਨੇ ਕਈ ਢੰਗਾਂ ਨਾਲ ਗੁਰਦੇਵ ਜੀ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਕਿ ਮੇਰੀ ਲੜਕੀ ਦਾ ਰਿਸ਼ਤਾ ਮੁੜ ਆਪਣੇ ਲੜਕੇ ਵਾਸਤੇ ਸਵੀਕਾਰ ਕਰ ਲਓ, ਇਸ ਵਿੱਚ ਦੋਨਾਂ ਦਾ ਭਲਾ ਹੈ। ਤੁਹਾਨੂੰ ਹਕੂਮਤ ਦੀ ਕਰੋਪੀ ਤੋਂ ਛੁਟਕਾਰਾ ਮਿਲੇਗਾ ਅਤੇ ਮੇਰਾ ਬਰਾਦਰੀ ਵਿੱਚ ਨੱਕ ਰਹਿ ਜਾਏਗਾ ਅਤੇ ਮੈਨੂੰ ਹਕੂਮਤ ਦੀ ਖੁਸ਼ੀ ਹਾਸਲ ਹੋਵੇਗੀ ਪ੍ਰੰਤੂ ਗੁਰਦੇਵ ਜੀ ਨੇ ਉਸਦੀ ਇੱਕ ਨਹੀਂ ਮੰਨੀ ਤੇ ਆਪਣੇ ਫੈਸਲੇ ਤੇ ਅਟੱਲ ਰਹੇ ਅਤੇ ਨਾ ਹੀ ਉਸਦੇ



Sri Satguru Jagjit Singh Ji eLibrary NamdhariElibrary@gmail.com

ਘਰ ਦਾ ਅੰਨ-ਪਾਣੀ ਸਵੀਕਾਰ ਕੀਤਾ। ਬਸ ਸਿਰਫ ਇਕੋ ਉੱਤਰ ਦਿੱਤਾ ਕਿ ਮੈਨੂੰ ਸੰਗਤ ਦਾ ਹੁਕਮ ਹੈ ਕਿ ਤੇਰੀ ਕੁੜੀ ਦਾ ਰਿਸ਼ਤਾ ਨਹੀਂ ਲੈਣਾ ਕਿਉਂਕਿ ਤੂੰ ਗੁਰੂ ਨਾਨਕ ਦੇਵ ਜੀ ਦੇ ਦਰ ਨੂੰ ਮੋਰੀ ਕਹਿਆ ਹੈ ਅਤੇ ਆਪ ਚੁਬਾਰਾ ਬਣਿਆ ਹੈ। ਇਸਤੇ ਚੰਦੂ ਨੇ ਗੁਰਦੇਵ ਜੀ ਨੂੰ ਮਨਾਉਣ ਲਈ ਬਹੁਤ ਸਾਰੇ ਉਲਟੇ ਸਿੱਧੇ ਹੀਲੇ ਕੀਤੇ। ਡਰਾਵੇ ਅਤੇ ਧਮਕੀਆਂ ਦਾ ਸਹਾਰਾ ਲਿਆ। ਜਦੋਂ ਗੱਲ ਬਣਦੀ ਨਾ ਦਿਸੀ ਤਾਂ ਉਸਨੇ ਗੁਰਦੇਵ ਜੀ ਨੂੰ ਸਖਤ ਗਰਮੀ ਵਿੱਚ ਭੁੱਖਾ ਪਿਆਸਾ ਆਪਣੀ ਹਵੇਲੀ ਦੇ ਇੱਕ ਕਮਰੇ ਵਿਚ ਬੰਦ ਕਰ ਦਿੱਤਾ।

ਇਸ ਦੌਰਾਨ ਰਾਤ ਨੂੰ ਇਕਾਂਤ ਪਾਕੇ ਚੰਦੂ ਦੀ ਨੂੰਹ ਜੋ ਕਿ ਗੁਰੂ ਘਰ ਦੀ ਸ਼ਰਧਾਲੂ ਸੀ, ਗੁਰੂਦੇਵ ਜੀ ਲਈ ਸ਼ਰਬਤ ਲੈ ਕੇ ਹਾਜ਼ਰ ਹੋਈ ਅਤੇ ਬੇਨਤੀ ਕੀਤੀ ਕਿ ਤੁਸੀਂ ਇਹ ਜਲ ਗ੍ਰਹਿਣ ਕਰੋ ਅਤੇ ਮੇਰੇ ਸੌਹਰੇ ਨੂੰ ਖਿਮਾ ਕਰਨਾ ਕਿਉਂਕਿ ਉਹ ਨਹੀਂ ਜਾਣਦਾ ਕਿ ਉਹ ਕੀ ਗੁਸਤਾਖੀ ਕਰ ਰਿਹਾ ਹੈ। ਗੁਰਦੇਵ ਜੀ ਨੇ ਉਸਨੂੰ ਧੀਰਜ ਦਿੱਤਾ ਤੇ ਅਖਿਆ, 'ਮੈਂ ਮਜਬੂਰ ਹਾਂ। ਇਹ ਜਲ ਸੰਗਤਾਂ ਦੇ ਹੁਕਮ ਕਾਰਣ ਗ੍ਰਹਿਣ ਨਹੀਂ ਕਰ ਸਕਦਾ।"

ਜਦ ਸਰਕਾਰੀ ਬੰਦੇ ਚੰਦੂ ਪਾਸੋਂ ਦੰਡ ਦੀ ਰਕਮ ਵਸੂਲਣ ਆਏ ਤਾਂ ਚੰਦੂ ਨੇ ਇਹ ਕਹਿਕੇ ਗੁਰਦੇਵ ਜੀ ਨੂੰ ਸ਼ੇਖ ਫ਼ਰੀਦ ਬੁਖ਼ਾਰੀ ਦੇ ਬੰਦਿਆਂ ਦੇ ਹਵਾਲੇ ਕਰ ਦਿੱਤਾ ਕਿ ਅਰਜਨ ਮੇਰੀ ਸ਼ਰਤ ਨਹੀਂ ਮੰਨਦਾ, ਸੋ ਮੈਂ ਦੰਡ ਦੀ ਰਕਮ ਜਮ੍ਹਾਂ ਨਹੀਂ ਕਰਵਾ ਸਕਦਾ।

ਬਸ ਫਿਰ ਕੀ ਸੀ ਦੋਖੀਆ ਨੇ ਆਪਣੇ ਗਿਣੇ ਮਿੱਥੇ ਇਰਾਦੇ ਅਨੁਸਾਰ ਸਾਜਿਸ਼ ਰਚੀ ਤੇ ਚੰਦੂ ਨੂੰ ਵੀ ਆਪਣੇ ਨਾਲ ਰਲਾ ਲਿਆ। ਗੁਰਦੇਵ ਜੀ ਨੂੰ ਆਪਣੇ ਕਬਜ਼ੇ ਕਰਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿੱਚ ਲੈ ਆਂਦਾ ਗਿਆ ਜਿੱਥੇ ਸ਼ੇਖ ਅਹਿਮਦ ਸਰਹੰਦੀ ਨੇ ਪਰਦੇ ਦੀ ਓਟ ਵਿੱਚ ਰਹਿ ਕੇ ਗੁਰਦੇਵ ਜੀ ਨੂੰ ਸ਼ਾਹੀ ਕਾਜ਼ੀ ਪਾਸੋ ਫਤਵਾ ਲੁਆਇਆ ਕਿ ਅਰਜਨ! ਤੂੰ ਦੰਡ ਦੀ ਰਕਮ ਨਹੀਂ ਭਰ ਸਕਿਆ, ਇਸ ਲਈ ਇਸਲਾਮ ਕਬੂਲ ਕਰ ਯਾ ਮੌਤ ਲਈ ਤਿਆਰ ਹੋ ਜਾਹ। ਤਾਂ ਗੁਰਦੇਵ ਜੀ ਨੇ ਉੱਤਰ ਦਿੱਤਾ ਕਿ ਇਹ ਸਰੀਰ ਨਾਸ਼ਵਾਨ ਹੈ। ਮੈਨੂੰ ਇਸ ਦਾ ਮੋਹ ਨਹੀਂ, ਮੈਂ ਮੌਤ ਤੋਂ ਭੈ ਨਹੀਂ ਖਾਂਦਾ, ਮੇਰਾ ਫੈਸਲਾ ਅਟੱਲ ਹੈ। ਮੈਂ ਮੌਤ ਲਈ ਤਿਆਰ ਹਾਂ। ਇਸਲਾਮ ਨੂੰ ਸਵੀਕਾਰ ਕਰਨ ਦਾ ਪ੍ਰਸ਼ਨ ਹੀ ਨਹੀਂ ਉਠਦਾ ਇਸਲਈ ਤੁਸੀਂ ਜੋ ਮਨ-ਮਰਜ਼ੀ ਕਰਨੀ ਹੈ, ਕਰ ਵੇਖੋ। ਤਾਂ ਕਾਜ਼ੀ ਨੇ ਇਸਲਾਮੀ ਕਾਨੂੰਨ ਯਾਸਾਂ ਅਧੀਨ ਮੌਤ ਦੀ ਸ਼ਜਾ ਸੁਣਾਈ ਅਤੇ ਆਖਿਆ, "ਜਿਸ ਤਰ੍ਹਾਂ ਬਾਕੀ ਦੇ ਬਾਗੀਆਂ ਨੂੰ ਚਮੜੇ ਵਿੱਚ ਮੜ੍ਹਕੇ ਮੌਤ ਦੇ ਘਾਟ ਉਤਾਰਿਆ ਗਿਆ ਹੈ, ਇਸ ਬਾਗੀ ਨੂੰ ਵੀ ਗਊ ਦੇ ਚਮੜੇ ਵਿੱਚ ਮੜ੍ਹਕੇ ਮਾਰ ਦਿਓ। ਇਸਤੋਂ ਪਹਿਲਾ ਕਿ ਚਮੜਾ ਪੁੱਜਦਾ-

ਸ਼ੇਖ ਅਹਿਮਦ ਸਰਹੰਦੀ ਨੇ ਆਪਣੀ ਰਚੀ ਸਾਜ਼ਿਸ ਅਨੁਸਾਰ ਗੁਰਦੇਵ ਜੀ



Sri Satguru Jagjit Singh Ji eLibrary NamdhariElibrary@gmail.com

ਨੂੰ ਤਸੀਹੇ ਦੇ ਕੇ ਇਸਲਾਮ ਸਵੀਕਾਰ ਕਰਾਉਣ ਦੀ ਵਿਉਂਤ ਬਣਾਈ। ਉਸਨੇ ਗੁਰਦੇਵ ਜੀ ਨੂੰ ਕਿਲ੍ਹੇ ਦੇ ਵਿਹੜੇ ਵਿੱਚ ਕੜ੍ਹਕਦੀ ਧੁੱਪ ਵਿੱਚ ਖੜ੍ਹਾ ਕਰ ਦਿੱਤਾ। ਗੁਰਦੇਵ ਜੀ ਭੁੱਖੇ ਪਿਆਸੇ ਸਨ ਕਿਉਂਕਿ ਉਹਨਾਂ ਨੇ ਚੰਦੂ ਦੇ ਘਰ ਵੀ ਅੰਨ-ਜਲ ਗ੍ਰਹਿਣ ਨਹੀਂ ਸੀ ਕੀਤਾ। ਗੁਰਦੇਵ ਜੀ ਦਾ ਸਰੀਰ ਬੇਹੱਦ ਕਮਜ਼ੋਰ ਦਿਸ ਰਿਹਾ ਸੀ ਪ੍ਰੰਤੂ ਉਹ ਆਤਮਕ ਬਲ ਦੇ ਸਹਾਰੇ ਅਡੋਲ ਖੜ੍ਹੇ ਸਨ। ਜਲਾਦ ਉਨ੍ਹਾਂ ਤੇ ਦਬਾਅ ਪਾ ਰਿਹਾ ਸੀ, "ਇਸਲਾਮ ਕਬੂਲ ਕਰ ਲੈ, ਕਿਉਂ ਆਪਣੀ ਜਾਨ ਐਵੇਂ ਗੁਵਾਉਂਦਾ ਏਂ! ਪਰ ਗੁਰਦੇਵ ਜੀ ਸਾਫ਼ ਇਨਕਾਰੀ ਸਨ। ਹੁਣ ਉਨ੍ਹਾਂ ਗੁਰਦੇਵ ਨੂੰ ਡਰਾਉਣਾ ਧਮਕਾਉਣਾ ਸ਼ੁਰੂ ਕੀਤਾ ਤੇ ਗੁੱਸੇ ਵਿੱਚ ਆ ਕੇ ਗੁਰਦੇਵ ਜੀ ਨੂੰ ਇੱਕ ਲੋਹ ਜੋ ਕਿ ਫੌਜੀਆਂ ਦੀਆਂ ਰੋਟੀਆਂ ਪਕਾਉਣ ਲਈ ਵਰਤੀ ਜਾਂਦੀ ਸੀ ਪਰ ਉਸ ਸਮੇਂ ਉਹ ਜੇਠ ਮਹੀਨੇ ਦੀ ਕੜਕਦੀ ਧੁੱਪ ਵਿੱਚ ਪਈ ਅੱਗ ਵਰਗੀ ਹੋਈ ਪਈ ਸੀ, ਉੱਤੇ ਗੁਰੂ ਜੀ ਨੂੰ ਬਿਠਾ ਦਿੱਤਾ। ਗੁਰਦੇਵ ਜੀ ਤਵੀ ਤੇ ਅਡੋਲ ਰਹੇ ਜਿਸ ਤਰ੍ਹਾਂ ਲੋਹੇ ਤੇ ਨਹੀਂ ਕਿਸੇ ਕਾਲੀਨ ਉੱਤੇ ਬੈਠੇ ਹੋਣ। ਜਦੋਂ ਗੁਰਦੇਵ ਜੀ ਉੱਪਰ ਹੁੰਦੇ ਜ਼ੁਲਮਾਂ ਦੀ ਖਬਰ ਲਾਹੌਰ ਨਗਰ ਵਾਸੀਆਂ ਤਕ ਪਹੁੰਚੀ ਤਾਂ ਸਾਂਈ ਮੀਆਂ ਮੀਰ ਜੀ ਤੇ ਬਹੁਤ ਸਾਰੀ ਸੰਗਤ ਕਿਲ੍ਹੇ ਪਾਸ ਪਹੁੰਚ ਗਈ ਪਰ ਕਿਲ੍ਹੇ ਦੇ ਦੁਆਲੇ ਸਖਤ ਪਹਿਰਾ ਸੀ ਜਿਸ ਕਰਕੇ ਸਿਰਫ਼ ਸਾਂਈ ਮੀਆਂ ਮੀਰ ਜੀ ਹੀ ਕਿਲ੍ਹੇ ਅੰਦਰ ਜਾ ਸਕੇ। ਗੁਰਦੇਵ ਜੀ ਨੂੰ ਤਸੀਹੇ ਝੱਲਦੇ ਵੇਖਕੇ ਹੈਰਾਨੀ ਪ੍ਰਗਟ ਕੀਤੀ ਤਾਂ ਗੁਰਦੇਵ ਜੀ ਨੇ ਉੱਤਰ ਦਿਤਾ ਕਿ ਤੁਸਾਂ ਮੈਨੂੰ ਇੱਕ ਦਿਨ ਬ੍ਰਹਮ ਗਿਆਨੀ ਦੇ ਅਰਥ ਸੁਖਮਨੀ ਸਾਹਿਬ ਅਨੁਸਾਰ ਪੁੱਛੇ ਸਨ, ਸੋ ਮੈਂ ਉਨ੍ਹਾਂ ਪੰਗਤੀਆਂ ਦੇ ਅਰਥ ਕਰ ਰਿਹਾ ਹਾਂ । ਸਭ ਕੁਛ ਉਸ ਪ੍ਰਭੂ ਦੇ ਹੁਕਮ ਅਨੁਸਾਰ ਹੋ ਰਿਹਾ ਹੈ। ਮੈਨੂੰ ਕਿਸੇ ਤੇ ਕੋਈ ਗਿਲ੍ਹਾ ਸ਼ਿਕਵਾ ਨਹੀਂ। ਫਕੀਰਾਂ ਦੀ ਰਮਜ਼ ਫ਼ਕੀਰਾਂ ਨੇ ਸਮਝੀ ਤੇ ਸਾਂਈ ਮੀਆਂ ਮੀਰ ਜੀ ਵਾਪਸ ਮੁੜ ਗਏ।

ਗੁਰਦੇਵ ਜੀ ਤੇ ਕੋਈ ਅਸਰ ਨਾ ਹੁੰਦਾ ਦੇਖਕੇ ਜਲਾਦਾਂ ਨੇ ਇੱਕ ਵਾਰ ਫੇਰ ਗੁਰਦੇਵ ਜੀ ਨੂੰ ਲਲਕਾਰਿਆ ਅਤੇ ਆਖਿਆ, "ਸੋਚ ਲੈ ਹੁਣ ਵੀ ਵਕਤ ਹੈ, ਜਾਨ ਬਚਾ ਲੈ ਅਤੇ ਇਸਲਾਮ ਕਬੂਲ ਲੈ ਨਹੀਂ ਤਾਂ ਅਸਾਂ ਤੇਰਾ ਦਿਮਾਗ ਠੀਕ ਕਰਨ ਦਾ ਇਲਾਜ ਸੋਚ ਰੱਖਿਆ ਹੋਇਆ ਹੈ।" ਗੁਰਦੇਵ ਜੀ ਦੇ ਮੁੜ ਇਨਕਾਰ ਤੇ ਉਨ੍ਹਾਂ ਗਰਮ ਰੇਤ ਗੁਰਦੇਵ ਜੀ ਦੇ ਸਿਰ ਵਿੱਚ ਪਾਣੀ ਸ਼ੁਰੂ ਕਰ ਦਿੱਤੀ ਜੋ ਕਿ ਉੱਥੇ ਇਮਾਰਤਾਂ ਬਨਾਉਣ ਲਈ ਕੜਕਦੀ ਧੁੱਪ ਵਿੱਚ ਪਈ ਸੀ ਅਤੇ ਜਿਸਦਾ ਜੂਨ ਮਹਿਨੇ ਦੀ ਸਿਖਰ ਦੁਪਹਿਰ ਕਾਰਣ ਤਾਪਮਾਨ 45°C ਦੇ ਲਗਭਗ ਹੋਵੇਗਾ। ਗਰਮ ਰੇਤ ਦੇ ਸਿਰ ਵਿੱਚ ਪੈਣ ਤੇ ਗੁਰਦੇਵ ਜੀ ਦੀ ਨਕਸੀਰ ਚੱਲ ਪਈ ਤੇ ਗੁਰਦੇਵ ਜੀ ਬੇਹੋਸ਼ ਹੋ ਗਏ। ਹੁਣ ਜਲਾਦਾਂ ਵੇਖਿਆ ਕਿ ਇਹ ਕੰਮ ਸਾਥੋਂ ਯਾਸਾਂ ਕਾਨੂੰਨ ਦੇ ਉਲਟ ਹੋ ਗਿਆ ਹੈ। ਯਾਸਾਂ ਅਨੁਸਾਰ ਖੂਨ ਨਹੀਂ ਸੀ ਡੁੱਲਣਾ ਚਾਹੀਦਾ। ਸੋ ਉਨ੍ਹਾਂ ਗੁਰਦੇਵ ਜੀ ਨੂੰ ਹੋਸ਼ ਵਿੱਚ ਲਿਆਉਣ ਲਈ ਸਿਰ ਤੇ ਪਾਣੀ ਪਾਇਆ ਪ੍ਰੰਤੂ ਇਸਦਾ ਕੋਈ ਨਤੀਜਾ ਨਾ ਨਿਕਲਦਾ ਦੇਖ ਤੰਗ ਆ ਕੇ ਜਲਾਦਾਂ ਉਨ੍ਹਾਂ ਦੇ ਸਰੀਰ ਨੂੰ ਕੜਾਹੇ ਵਿੱਚ ਪਾਕੇ ਚੁੱਲੇ



Sri Satguru Jagjit Singh Ji eLibrary NamdhariElibrary@gmail.com

ਤੇ ਰੱਖ ਦਿੱਤਾ ਤੇ ਹੇਠਾਂ ਅੱਗ ਬਾਲ ਦਿੱਤੀ। ਉਨ੍ਹਾਂ ਦਾ ਖਿਆਲ ਸੀ ਕਿ ਗਰਮ ਪਾਣੀ ਦੇ ਸੇਕ ਨਾਲ ਸ਼ਾਇਦ ਹੋਸ਼ ਆ ਜਾਵੇ ਪ੍ਰੰਤੂ ਗੁਰਦੇਵ ਜੀ ਉਬਲਦੇ ਪਾਣੀ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਹੀ ਜੋਤੀ-ਜੋਤ ਸਮਾ ਗਏ। ਹੁਣ ਦੋਖੀਆਂ ਦੇ ਮਨਸੂਬੇ ਤੇ ਪਾਣੀ ਫਿਰ ਚੁੱਕਾ ਸੀ। ਉਹ ਤਾਂ ਗੁਰਦੇਵ ਜੀ ਨੂੰ ਡਰਾ-ਧਮਕਾਕੇ ਇਸਲਾਮ ਵਿੱਚ ਲਿਆਉਣਾ ਚਾਹੁੰਦੇ ਸਨ। ਉਨ੍ਹਾਂ ਦਾ ਇਕ ਮਾਤਰ ਨਿਸ਼ਾਨਾ ਗੁਰਦੇਵੰ ਜੀ ਨੂੰ ਇਸਲਾਮ ਕਬੂਲ ਕਰਾਉਣਾ ਸੀ ਨਾ ਕਿ ਜਾਨੋ ਮਾਰਨਾ।

ਗੁਰਦੇਵ ਦੀ ਸ਼ਹੀਦੀ ਉਪਰੰਤ ਜ਼ਾਲਮਾਂ ਨੇ ਆਪਣੇ ਇਸ ਵਹਿਸ਼ੀਆਨਾ ਕਤਲ ਕਾਂਡ ਨੂੰ ਛੁਪਾਉਣ ਲਈ ਗੁਰਦੇਵ ਜੀ ਦੇ ਮਿਰਤਕ ਸਰੀਰ ਨੂੰ ਰਾਤ ਦੇ ਹਨ੍ਹੇਰੇ ਵਿੱਚ ਦਰਿਆ ਰਾਵੀ ਦੇ ਵਗਦੇ ਵਹਿਣ ਵਿੱਚ ਰੋੜ੍ਹ ਦਿੱਤਾ ਤੇ ਅਫ਼ਵਾਹ ਉੱਡਾ ਦਿੱਤੀ ਕਿ ਗੁਰਦੇਵ ਜੀ ਨੇ ਇਸ਼ਨਾਨ ਕਰਨੇ ਦੀ ਇੱਛਾ ਜ਼ਾਹਰ ਕੀਤੀ ਸੀ, ਸੋ ਉਹ ਇਸ਼ਨਾਨ ਕਰਨ ਲਈ ਰਾਵੀ ਦਰਿਆ ਤੇ ਗਏ ਤੇ ਮੁੜ ਵਾਪਸ ਨਹੀਂ ਆਏ।

ਬੇਸ਼ਕ ਸ਼ੇਖ ਅਹਿਮਦ ਸਰਹੰਦੀ ਆਪਣੇ ਅਸਲ ਮਨਸੂਬੇ, ਗੁਰਦੇਵ ਜੀ ਨੂੰ ਇਸਲਾਮ ਸਵੀਕਾਰ ਕਰਾਉਣ ਵਿੱਚ ਸਫਲ ਨਹੀਂ ਹੋ ਸਕਿਆ ਪ੍ਰੰਤੂ ਉਹ ਗੁਰਦੇਵ ਜੀ ਦੀ ਹੱਤਿਆ ਕਰਵਾਕੇ ਸੰਤੁਸ਼ਟ ਸੀ। ਉਹ ਇਸ ਹੱਤਿਆ ਕਾਂਡ ਦੇ ਮੁਖੀ ਵਜੋਂ ਸਾਹਮਣੇ ਆਉਣ ਤੋਂ ਕਤਰਾਉਣ ਲੱਗਾ ਅਤੇ ਉਸਨੇ ਆਪਣੇ ਆਪਨੂੰ ਬੇਖ਼ਬਰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿਉਂਕਿ ਉਹ ਸਾਂਈ ਮੀਆਂ ਮੀਰ ਜੀ ਦੇ ਉਥੇ ਆਉਣ ਤੇ ਸਹਿਮ ਗਿਆ ਸੀ ਅਤੇ ਉਹ ਵੇਖ ਰਿਹਾ ਸੀ ਕਿ ਲਾਹੌਰ ਦੇ ਗਵਰਨਰ ਮੁਰਤਜ਼ਾ ਖ਼ਾਨ ਅਤੇ ਜਨਤਾ ਦੀ ਗੁਰਦੇਵ ਜੀ ਤੇ ਅਥਾਹ ਸ਼ਰਧਾ ਹੈ ਤੇ ਉਹ ਹਰ ਦਿਲ ਅਜ਼ੀਜ਼ ਹਨ। ਅਸਲ ਵਿੱਚ ਉਹ ਜਾਣਦਾ ਸੀ ਕਿ ਮੇਰੇ ਹੀ ਦਬਾਅ ਕਾਰਣ ਜਹਾਂਗੀਰ ਨੇ ਗੁਰਦੇਵ ਜੀ ਤੇ ਦੰਡ ਲਗਾਇਆ ਸੀ। ਦੰਡ ਨਾ ਭਰਣ ਦੀ ਸੂਰਤ ਵਿੱਚ ਬਾਦਸ਼ਾਹ ਖਾਮੋਸ਼ ਸੀ। ਮੈਂ ਹੀ ਉਸ ਦੀ ਖਾਮੋਸ਼ੀ ਨੂੰ ਮੌਤ ਦੀ ਸਜ਼ਾ ਐਲਾਨਿਆ ਹੈ। ਇਸ ਲਈ ਉਸ ਨੇ ਆਪਣੇ ਆਪਨੂੰ ਨਿਰਦੋਸ਼ ਸਾਬਤ ਕਰਨ ਲਈ ਗੁਰਦੇਵ ਜੀ ਦੇ ਕਤਲ ਕਾਂਡ ਨੂੰ ਚੰਦੂ ਦੀ ਘਰੇਲੂ ਦੁਸ਼ਮਣੀ ਨਾਲ ਜੋੜਿਆ। ਬਾਕੀ ਰਹਿੰਦੀ ਜ਼ਿੰਮੇਵਾਰੀ ਤੋਂ ਬਚਣ ਲਈ ਉਸ - 'ਤੁਜ਼ਕਿ-ਜਹਾਂਗੀਰੀ' ਨਾਮੀ ਪੁਸਤਕ ਜੋ ਕਿ ਜਹਾਂਗੀਰ ਦੀ ਸਵੈ-ਜੀਵਨੀ ਵਜੋਂ ਪ੍ਰਸਿੱਧ ਹੈ ਪਰ ਅਸਲ ਵਿੱਚ ਇੱਕ ਰੋਜ਼ਨਾਮਚਾ ਹੀ ਹੈ, ਵਿੱਚ ਹੇਠ ਲਿਖੀ ਇਬਾਰਤ ਲਿਖਾਵਾਈ। ਸ਼ੇਖ ਅਹਿਮਦ ਸਰਹੰਦੀ ਉਨ੍ਹੀ ਦਿਨੀ ਬਾਦਸ਼ਾਹ ਜਹਾਂਗੀਰ ਦਾ ਅਖੌਤੀ ਪੀਰ ਮੁਰਸ਼ਦ ਸੀ ਅਤੇ ਉਹ ਆਪਣੇ ਆਪ ਨੂੰ ਬੇਤਾਜ਼ ਬਾਦਸ਼ਾਹ ਸਮਝਦਾ ਸੀ। ਇਸ ਲਈ "ਤੁਜ਼ਕਿ ਜਹਾਂਗੀਰੀ" ਵਿੱਚ ਉਹ ਆਪਣੀ ਮਨਮਾਨੀ ਲਿਖਣ ਦਾ ਹੱਕ ਸਮਝਦਾ ਸੀ। ਇਬਾਰਤ ਲਿਖਣ ਵਿੱਚ ਸਾਵਧਾਨੀ ਇਹ ਵਰਤੀ ਗਈ ਕਿ ਉਹ ਆਪਣੇ ਆਪਨੂੰ ਬਰੀ ਸਾਬਤ ਕਰ ਸਕੇ ਤੇ ਸਾਰਾ ਚਿੱਕੜ ਜਹਾਂਗੀਰ ਤੇ ਸੁੱਟ ਦਿੱਤਾ, ਜੋ ਕਿ ਅਸਲ ਵਿੱਚ ਇਸ ਸਾਜ਼ਸ਼ ਤੋਂ ਬੇਖ਼ਬਰ ਸੀ ਉਹ ਨਹੀਂ ਸੀ ਜਾਣਦਾ ਕਿ ਉਸ ਪਾਸੋਂ ਸਹਿਜ ਹੀ ਵੱਡੀ ਗਲਤੀ



Sri Satguru Jagjit Singh Ji eLibrary NamdhariElibrary@gmail.com

ਕਰਵਾਕੇ ਉਸਨੂੰ ਭੰਡਿਆ ਜਾ ਰਿਹਾ ਹੈ ਤੇ ਉਸਦੇ ਨਾਂ ਦੀ ਦੁਰਵਰਤੋਂ ਹੋ ਰਹੀ ਹੈ।

੧ ਮੁਗਲ ਕਾਲ ਦਾ ਇਤਿਹਾਸ ਬਾਬਰ ਦੇ ਸਮੇਂ ਤੋਂ ਹੀ ਉਨ੍ਹਾਂ ਦੇ ਨਿੱਜੀ ਸਲਾਹਕਾਰ (P.A.) ਉਨ੍ਹਾਂ ਦੇ ਜੀਵਨ ਬਿਰਤਾਂਤ ਵਜੋ ਲਿਖਦੇ ਚਲੇ ਆ ਰਹੇ ਸਨ। ਇਹ ਲੋਕ ਬਾਦਸ਼ਾਹ ਦੇ ਬਹੁਤ ਹੀ ਵਫ਼ਾਦਾਰ ਅਤੇ ਨਜ਼ਦੀਕ ਸਮਝੇ ਜਾਂਦੇ ਸਨ। 'ਅਕਬਰ ਨਾਮਾ' ਵੀ ਇਸੀ ਪ੍ਰਕ੍ਰਾਰ ਹੋਂਦ ਵਿੱਚ ਆਇਆ ਸੀ ਕਿਉਂਕਿ ਅਕਬਰ ਤਾਂ ਅਨਪੜ੍ਹ ਸੀ। ਠੀਕ ਇਹੀ ਪ੍ਰਥਾ ਅੱਗੇ ਤੁਰੀ 'ਤੁਜ਼ਕਿ-ਜਹਾਂਗੀਰੀ' ਨਾਮਕ ਪੁਸਤਕ ਵੀ ਜਹਾਂਗੀਰ ਦੇ ਨਿੱਜੀ ਸਲਾਹਕਾਰ ਦੁਆਰਾ ਹੀ ਲਿਖੀ ਗਈ ਕਿਉਂਕਿ ਜਹਾਂਗੀਰ ਤਾਂ ਬਹੁਤਾ ਸਮਾਂ ਸ਼ਰਾਬ ਦੇ ਨਸ਼ੇ ਵਿੱਚ ਹੀ ਗੁਜ਼ਾਰ ਦੇਂਦਾ ਸੀ। ਸ਼ੇਖ ਅਹਿਮਦ ਸਰਹੰਦੀ ਨੇ ਆਪਣੀ ਪੀਰੀ ਫ਼ਕੀਰੀ ਤੋਂ ਬਣੇ ਰਸੂਖ ਤੋਂ ਫਾਇਦਾ ਉਠਾਉਂਦੇ ਹੋਏ ਜਹਾਂਗੀਰ ਦੇ ਨਿੱਜੀ ਸਲਾਹਕਾਰ ਨੂੰ ਪ੍ਰਭਾਵਿਤ ਕਰਕੇ ਆਪਣੇ ਵਿਸ਼ਵਾਸ਼ ਵਿਚ ਲੈ ਲਿਆ ਅਤੇ ਉਸ ਪਾਸੋਂ 'ਤੁਜ਼ਕਿ ਜਹਾਂਗੀਰੀ' ਵਿਚ ਆਪਣੀ ਮਰਜ਼ੀ ਮੁਤਾਬਿਕ ਹੇਠ ਲਿਖੀ ਇਬਾਰਤ ਲਿਖਵਾਈ -

ਗੋਇੰਦਵਾਲ ਵਿੱਚ ..........................................................ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ।

੨ ਇਸ ਇਬਾਰਤ ਦੀ ਭਾਸ਼ਾ ਤੇ ਸ਼ੈਲੀ ਸ਼ੇਖ ਅਹਿਮਦ ਸਰਹੰਦੀ ਦੀਆਂ ਉਨ੍ਹਾਂ ਚਿੱਠੀਆਂ ਨਾਲ ਬਿਲਕੁਲ ਮੇਲ ਖਾਂਦੀ ਹੈ ਜੋ ਉਸਨੇ ਆਪਣੇ ਮੁਰੀਦ ਤੇ ਜਹਾਂਗੀਰ ਦੇ ਜਰਨੈਲ ਸ਼ੇਖ ਫ਼ਰੀਦ ਬੁਖ਼ਾਰੀ ਨੂੰ ਸਮੇਂ-੨ ਲਿਖੀਆਂ ਸਨ।

੩ History of Jahangir ਦੇ ਹਵਾਲਿਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਸ਼ੇਖ ਅਹਿਮਦ ਸਰਹੰਦੀ ਦਾ ਖੁਸਰੋ ਦੀ ਥਾਂ ਜਾਂਹਗੀਰ ਨੂੰ ਅਕਬਰ ਪਾਸੋਂ ਬਾਦਸ਼ਾਹ ਬਣਵਾਉਣ ਦਾ ਇਕ ਮਾਤਰ ਨਿਸ਼ਾਨਾ ਜਾਂਹਗੀਰ ਨੂੰ ਕਠਪੁਤਲੀ ਬਣਾਕੇ ਉਸ ਦੀ ਥਾਂ ਤੇ ਆਪ ਸ਼ਾਸਨ ਦੀ ਵਾਗਡੋਰ ਸੰਭਾਲਕੇ ਇਸਲਾਮ ਦਾ ਸਰਕਾਰੀ ਨੀਤੀਆਂ ਨਾਲ ਪ੍ਰਚਾਰ ਕਰਨਾ ਸੀ। ਇਸ ਕੰਮ ਲਈ ਉਹ ਕੁਝ ਵੀ ਕਰਨ ਨੂੰ ਤਿਆਰ ਸੀ। ਇਸ ਲਈ ਉਸਨੇ ਆਪਣੇ ਰਸਤੇ ਨੂੰ ਸਾਫ਼ ਕਰਨ ਲਈ ਆਪਣੀ ਜ਼ਾਲਸਾਜ਼ੀ ਨਾਲ ਕਈ ਹੱਤਿਆਵਾਂ ਕਰਵਾਈਆਂ ਜਿਨ੍ਹਾਂ ਵਿੱਚ ਖੁਸਰੋ ਅਤੇ ਗੁਰੂ ਅਰਜਨ ਦੇਵ ਜੀ ਵੀ ਸ਼ਾਮਿਲ ਸਨ।

੪ ਇੱਕ ਪੰਜਾਬੀ ਦੀ ਕਹਾਵਤ ਹੈ 'ਬਾਦਸ਼ਾਹ ਅੱਖੀਂ ਕਿ ਕੰਨੀਂ'। ਇਸ ਕਹਾਵਤ ਅਨੁਸਾਰ ਸਦਾ ਤੋਂ ਹੀ ਸ਼ਾਸ਼ਕ ਲੋਕ ਅੱਖੀਂ ਵੇਖਕੇ ਨਹੀਂ ਬਲਿਕ ਕੰਨੀਂ ਸੁਣਕੇ ਨਿਰਣੇ ਕਰਦੇ ਸਨ। ਸ਼ੇਖ ਅਹਿਮਦ ਸਰਹੰਦੀ ਨੇ ਬਾਦਸ਼ਾਹ ਦੀ ਇਸ ਕਮਜ਼ੋਰੀ ਦਾ ਪੂਰਾ-੨ ਫਾਇਦਾ ਉਠਾਇਆ ਅਤੇ ਆਪਣੇ ਨਿਰਣੇ ਬਾਦਸ਼ਾਹ ਪਾਸੋਂ ਲਾਗੂ ਕਰਵਾਏ।



Sri Satguru Jagjit Singh Ji eLibrary NamdhariElibrary@gmail.com

੫ ਸ਼ੇਖ ਅਹਿਮਦ ਸਰਹੰਦੀ ਆਪਣਾ ਉੱਲੂ ਸਿੱਧਾ ਕਰਨ ਲਈ ਦੂਜਿਆਂ ਦੇ ਮੋਢੇ ਤੇ ਬੰਦੂਕ ਰੱਖਕੇ ਚਲਾਉਣ ਵਾਲਾ ਮਨੁੱਖ ਸੀ। ਪਹਿਲਾਂ ਉਸ ਆਪਣੀ ਵਿਉਂਤ ਅਨੁਸਾਰ ਬਾਦਸ਼ਾਹ ਦੇ ਨਾਂ ਦੀ ਰੱਜ ਕੇ ਕੁਵਰਤੋਂ ਕੀਤੀ ਅਤੇ ਬਾਅਦ ਵਿੱਚ ਖੁਸ਼ਾਮਦੀ ਚੰਦੂ ਨੂੰ ਝਾਂਸੇ ਵਿੱਚ ਰੱਖਕੇ ਗੁਰੂ ਅਰਜਨ ਦੇਵ ਜੀ ਦੇ ਕਤਲ ਕਾਂਡ ਵਿੱਚ ਸ਼ਾਮਿਲ ਕਰਕੇ ਖੂਬ ਮੂਰਖ ਬਣਾਇਆ।

੬ ਕੁਝ ਇਤਿਹਾਸ - ਕਾਰਾਂ ਦਾ ਮੱਤ ਹੈ ਕਿ ਜਹਾਂਗੀਰ ਨੂੰ ਹਰਮਨ-ਪਿਆਰੇ ਗੁਰੂ ਅਰਜਨ ਦੇਵ ਜੀ ਦੀ ਸਖਸ਼ੀਅਤ ਤੋਂ ਖਤਰਾ ਭਾਸਣ ਲੱਗ ਪਿਆ ਸੀ। ਉਹ ਗੁਰਦੇਵ ਦੀ ਵਧਦੀ ਪ੍ਰਤਿਸ਼ਠਾ ਤੋਂ ਆਪਣੀ ਗੱਦੀ ਨੂੰ ਖਤਰਾ ਮਹਿਸੂਸ ਕਰਦਾ ਸੀ। ਸੋ ਉਸ ਖਸਰੋ ਬਗਾਵਤ ਕਾਂਡ ਤੋਂ ਫਾਇਦਾ ਉਠਾਉਂਦੇ ਹੋਏ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਹੁਕਮ ਦਿੱਤਾ।

ਹੁਣ ਵਿਚਾਰ ਵਾਲੀ ਗੱਲ ਇਹ ਹੈ ਕਿ ਇੱਕ ਦਰਵੇਸ਼ ਯਾ ਫ਼ਕੀਰ ਤੋਂ ਉਸਨੂੰ ਕੀ ਖਤਰਾ ਹੋ ਸਕਦਾ ਸੀ? ਉਹ ਵੀ ਉਸ ਮਨੁੱਖ ਪਾਸੋਂ ਜਿਸ ਪਾਸ ਕੋਈ ਫੌਜ ਯਾ ਹਥਿਆਰ ਨਹੀਂ ਤੇ ਜੋ ਇੱਕ ਹੁਕਮ ਮਿਲਣ ਤੇ ਆਪਣੇ ਆਪ ਚੱਲਕੇ ਅੰਮ੍ਰਿਤਸਰ ਤੋਂ ਲਾਹੌਰ ਪਹੁੰਚ ਗਿਆ। ਅਸਲ ਵਿੱਚ ਇਹ ਖਤਰਾ ਜਹਾਂਗੀਰ ਨੂੰ ਨਹੀਂ, ਸ਼ੇਖ ਅਹਿਮਦ ਸਰਹੰਦੀ ਨੂੰ ਜਾਪ ਰਿਹਾ ਸੀ ਕਿਉਂਕਿ ਉਹ ਮਹਿਸੂਸ ਕਰ ਰਿਹਾ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਸੁਨਿਹਰੀ ਅਸੂਲਾਂ ਦੇ ਸਾਹਮਣੇ ਉਸਦਾ ਪ੍ਰਚਾਰ ਟਿਕ ਨਹੀਂ ਸਕਦਾ ਜਿਸਦਾ ਪ੍ਰਚਾਰ ਗੁਰੂ ਅਰਜਨ ਦੇਵ ਜੀ ਕਰ ਰਹੇ ਸਨ। ਬਸ ਇਸ ਲਈ ਉਹ ਗੁਰਦੇਵ ਜੀ ਦਾ ਜਾਨੀ ਦੁਸ਼ਮਣ ਬਣ ਗਿਆ।

ਇਤਿਹਾਸਿਕ ਪੱਖੋਂ ਵੀ ਉਪਰੋਕਤ ਆਰੋਪ ਝੂਠਾ ਜਾਪਦਾ ਹੈ ਕਿਉਂਕਿ ਐਸਾ ਹੁੰਦਾ ਤਾਂ ਜਹਾਂਗੀਰ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ੫੨ ਰਾਜਿਆਂ ਸਮੇਤ ਗਵਾਲੀਅਰ ਦੇ ਕਿਲ੍ਹੇ ਵਿੱਚੋ ਕਿਉਂ ਰਿਹਾ ਕਰਦਾ?



Sri Satguru Jagjit Singh Ji eLibrary NamdhariElibrary@gmail.com

# ਜਹਾਂਗੀਰ ਦੀ ਸਖਸੀਅਤ ਬਾਰੇ

ਬਾਦਸ਼ਾਹ ਅਕਬਰ ਦਾ ਵੱਡਾ ਲੜਕਾ ਜਹਾਂਗੀਰ (ਸਲੀਮ) ਇੱਕ ਹਿੰਦੂ ਮਾਂ ਜੋਧਾਬਾਈ ਦੀ ਕੁੱਖੋਂ ਜਨਮਿਆ ਸੀ। ਜੋਧਾਬਾਈ ਇੱਕ ਰਾਜਪੂਤਾਨੀ ਹਿੰਦੂ ਸੰਸਕਾਰਾਂ ਵਾਲੀ ਮਹਾਰਾਣੀ ਸੀ ਤੇ ਇਸਦੇ ਨਾਲ ਅਕਬਰ ਵੀ ਕੋਈ ਕੱਟੜ ਮੁਸਲਮਾਨ ਨਹੀਂ ਸੀ। ਅਕਬਰ ਤਾਂ ਇੱਕ ਆਜ਼ਾਦ ਖਿਆਲੀ ਤੇ ਧਾਰਮਿਕ ਜਨੂੰਨ ਤੋਂ ਉੱਪਰ ਉੱਠ ਚੁੱਕਾ ਮਨੁੱਖ ਸੀ। ਉਹ 'ਦੀਨੇ-ਇਲਾਹੀ' ਨਾਮ ਦਾ ਇੱਕ ਨਵਾਂ ਧਰਮ ਚਲਾਉਣਾ ਚਾਹੁੰਦਾ ਸੀ ਜਿਸ ਵਿੱਚ ਸਭ ਫਿਰਕਿਆਂ ਦੇ ਲੋਕ ਮਿਲ-ਜੁਲਕੇ ਵਿਚਰਨ ਅਤੇ ਕੋਈ ਕਿਸੀ ਤੋਂ ਨਫ਼ਰਤ ਨਾ ਕਰੇ। ਬਦਕਿਸਮਤੀ ਨਾਲ ਉਹ ਇਸ ਕੰਮ ਵਿੱਚ ਸਫਲ ਨਾ ਹੋ ਸਕਿਆ। ਉਹ ਜਿਸ ਤਰ੍ਹਾਂ ਦਾ 'ਦੀਨੇ ਇਲਾਹੀ' ਚਾਹੁੰਦਾ ਸੀ, ਉਸੀਦੀ ਹੂ-ਬਹੂ ਤਸਵੀਰ ਉਸਨੂੰ ਗੋਇੰਦਵਾਲ ਵਿਖੇ ਗੁਰੂ ਅਮਰਦਾਸ ਜੀ ਕੋਲ ਵੇਖਣ ਨੂੰ ਮਿਲੀ ਜਿਸਤੋਂ ਉਹ ਬਹੁਤ ਪ੍ਰਭਾਵਿਤ ਹੋਇਆ। ਉਸਨੇ ਗੁਰੂ ਸਾਹਿਬ ਨੂੰ ਆਖਿਆ, "ਆਪਜੀ ਦੇ ਇਥੇ ਮੈਂ ਆਪਣਾ ਸੁਪਨਾ ਸਾਕਾਰ ਰੂਪ ਵਿੱਚ ਵੇਖ ਰਿਹਾ ਹਾਂ। ਇਸ ਲਈ ਮੈਂ ਆਪਜੀ ਦੀ ਸਹਾਇਤਾ ਕਰਨੀ ਚਾਹੁੰਦਾ ਹਾਂ। ਮੇਰੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਕੁਝ ਇਲਾਕਾ ਲੰਗਰ ਲਈ ਜਾਗੀਰ ਵਜੋਂ ਪਰਵਾਨ ਕਰੋ! ਪ੍ਰੰਤੂ ਗੁਰਦੇਵ ਜੀ ਨੇ ਇਹ ਕਹਿਕੇ ਇਨਕਾਰ ਕਰ ਦਿੱਤਾ ਕਿ ਇਹ ਕਾਰਜ ਸਰਕਾਰੀ ਖਜ਼ਾਨਿਆਂ ਨਾਲ ਨਹੀਂ ਬਲਕਿ ਸੰਗਤਾਂ ਦੇ ਦਿੱਤੇ ਦਸਵੰਧ ਨਾਲ ਚਲਿਆ ਕਰਦੇ ਹਨ। ਉਪਰੋਕਤ ਘਟਨਾ ਕੋਈ ਛੋਟੀ ਜਿਹੀ ਨਹੀ ਸੀ ਜਿਸ ਦਾ ਪਤਾ ਬਾਦਸ਼ਾਹ ਦੇ ਵੱਡੇ ਪੁੱਤਰ (ਜਿਸਦਾ ਜਨਮ ਇਸ ਘਟਨਾ ਤੋਂ ਬਾਦ ਹੋਇਆ ਸੀ) ਨੂੰ ਪਤਾ ਨਾ ਹੁੰਦਾ। ਸੰਸਾਰ ਪ੍ਰਚਲਿਤ ਹੈ ਕਿ ਬੱਚੇ ਦੇ ਕੋਮਲ ਮਨ ਤੇ ਉਸ ਦੇ ਮਾਤਾ-ਪਿਤਾ ਦੇ ਆਚਰਣ ਦਾ ਪ੍ਰਭਾਵ ਬਹੁਤ ਜ਼ਿਆਦਾ ਹੁੰਦਾ ਹੈ, ਉਨ੍ਹਾਂ ਦੇ ਦਿੱਤੇ ਸੰਸਕਾਰ ਹੀ ਜੀਵਨ ਭਰ ਨਾਲ ਨਿਭਦੇ ਹਨ। ਦੇਖਣ ਵਾਲੀ ਗੱਲ ਇਹ ਹੈ ਕਿ ਜਹਾਂਗੀਰ ਦੀ ਮਾਂ ਅਤੇ ਪੂਰਾ ਨਾਨਕਾ ਪਰਿਵਾਰ ਕਟੱੜ ਹਿੰਦੂ ਸੰਸਕਾਰਾਂ ਵਾਲਾ ਸੀ। ਰਾਜ-ਦਰਬਾਰੀ ਵੀ ਬਹੁਤ ਸਾਰੇ ਹਿੰਦੂ ਸਨ ਜਿਵੇ ਬੀਰਬਲ, ਤਾਨਸੈਨ, ਟੋਡਰਮੱਲ, ਮਾਨ ਸਿੰਘ ਆਦਿ। ਜਦਕਿ ਰਾਜ-ਦਰਬਾਰ ਦਾ ਮਾਹੌਲ ਵੀ ਕੱਟੜ-ਪੰਥੀ ਨਾ ਹੋਕੇ ਸੁਖਾਵਾਂ ਸੀ ਤਾਂ ਅਜਿਹੇ ਮਾਹੌਲ ਵਿੱਚ ਪਲੇ ਬੱਚੇ ਦਾ ਮਨ ਇਸਤਰ੍ਹਾਂ ਜ਼ਹਿਰੀਲਾ ਕਿਵੇਂ ਹੋ ਸਕਦਾ ਹੈ? ਇੱਥੇ ਹੀ ਬਸ ਨਹੀ ਜਹਾਂਗੀਰ ਨੇ ਤਿੰਨ-ਚਾਰ ਹਿੰਦੂ ਰਾਜਕੁਮਾਰੀਆਂ ਨਾਲ ਸ਼ਾਦੀਆਂ ਕੀਤੀਆਂ। ਮਨੁੱਖ ਜੀਵਨ-ਸੰਗਨੀ ਦਾ ਅਸਰ ਕਬੂਲੇ ਬਿਨਾਂ ਨਹੀਂ ਰਹਿ ਸਕਦਾ ਫਿਰ ਹਿੰਦੂ ਪਤਨੀਆਂ ਦੇ ਹੁੰਦੇ ਹੋਏ ਉਹ ਕੱਟੜਪੰਥੀ ਕਿਵੇਂ ਹੋ ਗਿਆ?

ਇਤਿਹਾਸ ਗਵਾਹ ਹੈ ਕਿ ਜਹਾਂਗੀਰ ਕੋਈ ਕੱਟੜ ਮੁਸਲਮਾਨ ਨਹੀਂ ਸੀ। ਸ਼ਰਾਬ ਸ਼ਰਾ ਵਿਰੋਧੀ ਚੀਜ਼ ਹੈ ਜਦਕਿ ਜਹਾਂਗੀਰ ਚੰਗਾ ਤਕੜਾ ਸ਼ਰਾਬੀ ਸੀ। ਇਥੇ



Sri Satguru Jagjit Singh Ji eLibrary NamdhariElibrary@gmail.com

ਹੀ ਬਸ ਨਹੀਂ ਕਈ ਇਤਿਹਾਸਕਾਰ ਜਹਾਂਗੀਰ ਨੂੰ ਇੱਕ ਨਿਆਂਕਾਰ ਬਾਦਸ਼ਾਹ ਮੰਨਦੇ ਹਨ। ਸ਼ਾਇਦ ਇਸੇ ਲਈ ਗੁਰੂ ਅਰਜੁਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਜਦੋ ਉਸਨੂੰ ਖੁਸ਼ਾਮਦੀਆਂ ਦੁਆਰਾ ਕਰਾਈ ਗਈ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਹ ਮਾਤਾ ਗੰਗਾ ਜੀ ਪਾਸੋਂ ਖਿਮਾ ਮੰਗਣ ਲਈ ਵੀ ਹਾਜ਼ਰ ਹੋਇਆ। ਉਸਨੇ ਚੰਦੂ ਨੂੰ ਵੀ ਗੁਰੂ ਹਰਗੋਬਿੰਦ ਜੀ ਦੇ ਹਵਾਲੇ ਕਰ ਦਿੱਤਾ ਸੀ ਕਿ ਇਹ ਆਪ ਜੀ ਦੇ ਪਿਤਾ ਦਾ ਕਾਤਲ ਹੈ। ਇਸ ਲਈ ਇਸਲਾਮੀ ਕਾਨੂੰਨ ਅਨੁਸਾਰ ਇਸਤੋਂ ਬਦਲਾ ਲੈ ਸਕਦੇ ਹੋ।

ਇਤਿਹਾਸ ਗਵਾਹ ਹੈ ਕਿ ਉਸਨੇ ਅਪਣੇ ਸ਼ਾਸਨ-ਕਾਲ ਵਿੱਚ ਕਿਸੀ ਹਿੰਦੂ ਤੇ ਉਸਦੇ ਹਿੰਦੂ ਹੋਣ ਕਰਕੇ ਜੁਲਮ ਨਹੀਂ ਕੀਤਾ।

ਸਵਾਲ ਇਹ ਪੈਦਾ ਹੁੰਦਾ ਹੈ ਕਿ 'ਤੁਜ਼ਕਿ ਜਹਾਂਗੀਰੀ' ਦੀ ਲਿਖਤ ਕਿਸਦੀ ਹੈ? ਜੇਕਰ ਜਹਾਂਗੀਰ ਦੇ ਹੱਥਾਂ ਦੀ ਹੁੰਦੀ ਤਾਂ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧ ਸੁਧਰਨ ਤੇ ਠੀਕ ਨਹੀਂ ਸੀ ਕਰ ਸਕਦਾ?



Sri Satguru Jagjit Singh Ji eLibrary NamdhariElibrary@gmail.com

# ਮੁਰਤਜ਼ਾ ਖ਼ਾਨ

ਮੁਰਤਜ਼ਾ ਖ਼ਾਨ ਲਾਹੌਰ ਦਾ ਕਾਫੀ ਲੰਬੇ ਸਮੇਂ ਤੋਂ ਗਵਰਨਰ ਚਲਿਆ ਆ ਰਿਹਾ ਸੀ। ਅਕਬਰ ਦੇ ਸ਼ਾਸਨ-ਕਾਲ ਵਿੱਚ ਜਦੋਂ ਲਾਹੌਰ ਵਿੱਚ ਕਾਲ ਪੈ ਗਿਆ ਸੀ ਤੇ ਸਮੇਂ-੨ ਚੇਚਕ, ਹੈਜ਼ਾ, ਪਲੇਗ, ਗਿਲਟੀ-ਤਾਪ ਆਦਿ ਬਿਮਾਰੀਆਂ ਕਾਰਣ ਬਹੁਤ ਜਾਨੀ ਨੁਕਸਾਨ ਹੋਇਆ ਤਾਂ ਉਸ ਸਮੇਂ ਉਹ ਗੁਰਦੇਵ ਜੀ ਦੁਆਰਾ ਜਨਸਾਧਾਰਣ ਦੀ ਬਿਨ੍ਹਾਂ ਵਿਤਕਰੇ ਕੀਤੀ ਨਿਸ਼ਕਾਮ ਸੇਵਾ ਵੇਖ ਚੁੱਕਾ ਸੀ। ਗੁਰਦੇਵ ਜੀ ਦਾ ਹਰਮਨ-ਪਿਆਰਾ ਹੋਣਾ ਅਤੇ ਸਾਂਈ ਮੀਆਂ ਮੀਰ ਜੀ ਦਾ ਗੁਰਦੇਵ ਜੀ ਦਾ ਬਹੁਤ ਵੱਡਾ ਰਿਣੀ ਸੀ ਕਿਉਂਕਿ ਸੋਕੇ ਸਮੇਂ ਗੁਰਦੇਵ ਜੀ ਨੇ ਅਕਬਰ ਪਾਸੋਂ ਕਿਸਾਨਾਂ ਦਾ ਮਾਲੀਆ ਮੁਆਫ਼ ਕਰਵਾ ਦਿੱਤਾ ਸੀ। ਇਸ ਲਈ ਉਹ ਗੁਰਦੇਵ ਜੀ ਦੇ ਪ੍ਰਸੰਸਕਾਂ ਵਿੱਚੋਂ ਸੀ ਨਾਂ ਕਿ ਵਿਰੋਧੀਆਂ ਵਿੱਚੋਂ। ਉਹ ਸ਼ੇਖ ਅਹਿਮਦ ਸਰਹੰਦੀ ਨਾਲ ਬਿਲਕੁਲ ਸਹਿਮਤ ਨਹੀਂ ਸੀ। ਇਸੇ ਕਰਕੇ 'ਤੁਜ਼ਕਿ ਜਹਾਂਗੀਰੀ' ਵਾਲੀ ਚਾਰਜਸ਼ੀਟ ਦੇ ਦੂਜੇ ਭਾਗ ਨੂੰ ਅਮਲ ਵਿੱਚ ਨਹੀਂ ਲਿਆਉਂਦਾ ਕਿ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸਦੇ ਘਰ-ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤਾ ਜਾਵੇ। ਅਸਲ ਵਿੱਚ ਉਹ ਗੁਰਦੇਵ ਜੀ ਨੂੰ ਕਿਸੇ ਕਿਸਮ ਦਾ ਅਪਰਾਧੀ ਨਹੀਂ ਸੀ ਮੰਨਦਾ।

ਇੱਥੇ ਇੱਕ ਗੱਲ ਧਿਆਨ ਰੱਖਣਯੋਗ ਹੈ ਕਿ ਸ਼ੇਖ ਫ਼ਰੀਦ ਬੁਖ਼ਾਰੀ ਅਤੇ ਮੁਰਤਜ਼ਾ ਖ਼ਾਨ ਦੋ ਅਲਗ-੨ ਵਿਅਕਤੀ ਹੋਏ ਹਨ, ਇੱਕ ਨਹੀਂ।

ਜਿਸ ਤਰ੍ਹਾਂ ਕਿ ਕੁਝ ਇਤਿਹਾਸਕਾਰਾਂ ਨੇ ਟਪਲਾ ਖਾਦਾ ਹੈ। 'ਸ਼ੇਖ' ਮੁਸਲਮਾਨਾਂ ਵਿੱਚ ਬਹੁਤ ਹੀ ਉੱਚੀ ਸ਼੍ਰੇਣੀ ਮੰਨੀ ਜਾਂਦੀ ਹੈ, ਜਿਸ ਤਰ੍ਹਾਂ ਹਿੰਦੂਆਂ ਵਿੱਚ ਬ੍ਰਾਹਮਣ। ਸ਼ੇਖ ਫ਼ਰੀਦ ਬੁਖ਼ਾਰੀ ਇੱਕ ਪੂਰਾ ਅਤੇ ਮਾਣਯੋਗ ਨਾਂ ਹੈ। ਠੀਕ ਇਸੀ ਤਰ੍ਹਾਂ ਮੁਰਤਜ਼ਾ ਖ਼ਾਨ ਵੀ ਆਪਣੇ ਆਪ ਵਿੱਚ ਮੁੰਕਮਲ ਤੇ ਮਾਣਯੋਗ ਨਾਂ ਹੈ। ਫਿਰ ਕੀ ਜ਼ਰੂਰਤ ਆ ਪਈ ਕਿ ਇਕ ਤਖਲੁਸ ਬਦਲੇ, ਇਕ ਸੰਪੂਰਣ ਵਿਅਕਤੀਤਵ ਵਾਲਾ ਮਨੁੱਖ ਆਪਣਾ ਪੂਰਾ ਨਾਂ ਹੀ ਬਦਲ ਲਵੇ।



Sri Satguru Jagjit Singh Ji eLibrary NamdhariElibrary@gmail.com

# ਅਕਬਰ ਅਤੇ ਆਦਿ ਗ੍ਰੰਥ ਸਾਹਿਬ ਦੀ ਬੀੜ

੧. ਇਤਿਹਾਸ ਗਵਾਹ ਹੈ ਕਿ ਅਕਬਰ ਸੰਨ 1598 ਤੋਂ ਉਪਰੰਤ ਪੰਜਾਬ ਵਾਪਸ ਨਹੀਂ ਮੁੜਿਆ। ਸੰਨ 1605, ਅਕਤੂਬਰ ਵਿੱਚ ਉਸਦਾ ਦਿਹਾਂਤ ਲੰਬੀ ਬਿਮਾਰੀ ਕਾਰਣ ਹੋ ਗਿਆ। ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਸੰਨ 1604 ਵਿੱਚ ਸੰਪੂਰਣ ਹੋਈ। ਇਸਦਾ ਭਾਵ ਬਟਾਲੇ ਵਿਖੇ ਆਦਿ ਬੀੜ ਨੂੰ ਅਕਬਰ ਦੁਆਰਾ ਚੈੱਕ ਕੀਤਾ ਗਿਆ, ਕਹਾਣੀ ਬਿਲਕੁਲ ਝੂਠੀ ਹੈ।

੨. ਦੋਖੀ ਪਹਿਲਾਂ ਹੀ ਜਾਣਦੇ ਸਨ ਕਿ ਅਕਬਰ ਤੱਕ ਸ਼ਿਕਾਇਤਾਂ ਕਰਨੀਆਂ ਫ਼ਜੂਲ ਹਨ ਕਿਉਂਕਿ ਉਹ ਪਹਿਲਾਂ ਹੀ ਗੁਰੂ ਘਰ ਦਾ ਸ਼ਰਧਾਲੂ ਬਣ ਚੁੱਕਾ ਸੀ। ਦੋਖੀ ਪਹਿਲਾਂ ਵੀ ਇੱਕ ਵਾਰ ਇਹ ਚਾਲ ਚੱਲਕੇ ਹਾਰ ਚੁੱਕੇ ਸਨ। ਹੁਣ ਮੁੜਕੇ ਐਸਾ ਹੌਸਲਾ ਕਰਨਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਸੀ।

## ਚੰਦੂ

ਚੰਦੂ ਲਾਲ ਖਤ੍ਰੀ ਦੇ ਵਡੇਰੇ ਜਿਲ੍ਹਾ ਗੁਰਦਾਸਪੁਰ ਦੇ ਪਿੰਡ ਰਹੇਲੇ ਦੇ ਰਹਿਣ ਵਾਲੇ ਸਨ ਪ੍ਰੰਤੂ ਸਰਕਾਰੀ ਮੁਲਾਜ਼ਮਤ ਕਾਰਣ ਇਨ੍ਹਾਂ ਨੇ ਲਾਹੌਰ ਵਿਖੇ ਪੱਕੀ ਰਿਹਾਇਸ਼ ਰੱਖਣ ਲਈ ਆਪਣੀ ਹਵੇਲੀ ਬਣਵਾਈ ਹੋਈ ਸੀ। ਬੀਰਬਲ (ਬ੍ਰਾਹਮਣ ਮਹੇਸ਼ ਦਾਸ) ਨਾਲ ਨੇੜਤਾ ਕਰਕੇ ਇਸ ਪਰਿਵਾਰ ਨੂੰ ਬਾਦਸ਼ਾਹ ਅਕਬਰ ਦੇ ਖਜ਼ਾਨਾ ਵਿਭਾਗ ਵਿੱਚ ਇੱਕ ਅਹਿਮ ਅਹੁਦੇ ਤੇ ਮੁਲਾਜ਼ਮਤ ਮਿਲੀ ਹੋਈ ਸੀ। ਇਸਦੀ ਡਿਊਟੀ ਖਜ਼ਾਨਾਂ ਲਾਹੌਰ ਤੋਂ ਦਿੱਲੀ ਆਦਿ ਥਾਵਾਂ ਤੇ ਪੁਚਾਉਣਾ ਅਤੇ ਦੇਖਭਾਲ ਕਰਨਾ ਸੀ। ਇਸ ਲਈ ਦਿੱਲੀ ਵਿਖੇ ਵੀ ਇਸਨੇ ਆਪਣੇ ਮਕਾਨ ਬਣਵਾਏ ਹੋਏ ਸਨ। ਖਜ਼ਾਨਾ ਵਿਭਾਗ ਵਿੱਚ ਅਹਿਲਕਾਰ ਹੋਣ ਕਾਰਨ ਆਮ ਲੋਕੀ ਇਸਨੂੰ ਦੀਵਾਨ ਜੀ-ਦੀਵਾਨ ਜੀ ਕਹਿੰਦੇ ਸਨ।

ਉਸ ਸਮੇਂ ਦੇ ਰਿਵਾਜ ਮੁਤਾਬਿਕ ਪ੍ਰੋਹਿਤਾਂ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਗੁਰੂ ਅਰਜਨ ਦੇਵ ਜੀ ਦੇ ਲੜਕੇ (ਗੁਰੂ) ਹਰਗੋਬਿੰਦ ਜੀ ਨਾਲ ਕਰ ਦਿੱਤਾ ਸੀ ਪ੍ਰੰਤੂ ਚੰਦੂ ਨੇ ਬੜੇ ਹੰਕਾਰ ਵਿੱਚ ਆਕੇ ਗੁਰੂ ਘਰ ਵਿਰੁੱਧ ਕੁਝ ਸ਼ਬਦ ਹਾਸੇ ਠੱਠੇ ਵਿੱਚ ਕਹੇ ਕਿ ਪ੍ਰੋਹਿਤ ਜੀ! ਤੁਸੀਂ ਚੁਬਾਰੇ ਦੀ ਇੱਟ ਮੋਹਰੀ ਨੂੰ ਲਾ ਆਏ ਹੋ। ਉਥੇ ਬੈਠੀ ਸਿੱਖ ਸੰਗਤ ਵੱਲੋਂ ਇਸ ਗੱਲ ਨੂੰ ਬੜੀ ਗੰਭੀਰਤਾ ਨਾਲ ਲਿਆ ਗਿਆ। ਉਨ੍ਹਾਂ ਗੁਰੂ ਸਾਹਿਬ ਨੂੰ ਹੰਕਾਰੀ ਚੰਦੂ ਦੀ ਕੁੜੀ ਦਾ ਰਿਸ਼ਤਾ ਮੋੜ ਦੇਣ ਲਈ ਕਿਹਾ। ਉਨ੍ਹਾਂ ਅਨੁਸਾਰ ਚੰਦੂ ਨੇ ਗੁਰੂ ਬਾਬੇ ਨਾਨਕ ਜੀ ਦੇ ਦਰ-ਘਰ ਦਾ ਅਪਮਾਨ ਕੀਤਾ ਸੀ।



Sri Satguru Jagjit Singh Ji eLibrary NamdhariElibrary@gmail.com

ਸੋ ਗੁਰੂ ਸਾਹਿਬ ਨੇ ਸੰਗਤਾਂ ਦੀ ਬੇਨਤੀ ਤੇ ਉਹ ਰਿਸ਼ਤਾ ਮੋੜ ਦਿੱਤਾ ਜਿਸ ਨਾਲ ਚੰਦੂ ਦੇ ਸਵੈਭਿਮਾਨ ਨੂੰ ਕਰਾਰੀ ਸੱਟ ਵੱਜੀ। ਅਸਲ ਵਿੱਚ ਉਸ ਪਾਸੋਂ ਝੂਠੇ ਵਿਖਾਵੇ ਵਿੱਚ ਆਕੇ ਗਲਤੀ ਹੋ ਗਈ ਸੀ। ਅੰਦਰੋਂ ਉਹ ਬਹੁਤ ਹੀ ਖੁਸ਼ ਸੀ। ਮੁੜ ਉਸਨੇ ਬਹੁਤ ਯਤਨ ਕੀਤੇ ਕਿ ਰਿਸ਼ਤਾ ਮੁੜ ਜੁੜ ਜਾਵੇ ਪ੍ਰੰਤੂ ਗੁਰਦੇਵ ਜੀ ਨੇ ਉਸਦੀ ਇੱਕ ਨਹੀਂ ਮੰਨੀ।

ਲੜਕੀ ਦਾ ਰਿਸ਼ਤਾ ਮੋੜਨ ਤੇ ਉਹ ਗੁਰਦੇਵ ਜੀ ਨਾਲ ਨਾਰਾਜ਼ ਜ਼ਰੂਰ ਸੀ ਪਰ ਇਹ ਕੋਈ ਐਸੀ ਘਟਨਾ ਨਹੀਂ ਸੀ ਕਿ ਉਹ ਗੁਰਦੇਵ ਦਾ ਜਾਨੀ ਦੁਸ਼ਮਣ ਬਣ ਜਾਂਦਾ। ਅਕਸਰ ਰਿਸ਼ਤੇ ਨਾਤੇ ਸਮਾਜ ਵਿੱਚ ਟੁਟਦੇ ਹੀ ਰਹਿੰਦੇ ਹਨ।

੧ ਚੰਦੂ ਕੋਈ ਜੇਲ੍ਹਰ ਜਾ ਜਲਾਦ ਵੀ ਨਿਯੁਕਤ ਨਹੀਂ ਸੀ ਫਿਰ ਚੰਦੂ ਦੀ ਡਿਊਟੀ ਕਿਸ ਤਰ੍ਹਾਂ ਗੁਰਦੇਵ ਜੀ ਨੂੰ ਸ਼ਹੀਦ ਕਰਨ ਦੀ ਲੱਗੀ? ਇਹ ਇੱਕ ਪ੍ਰਸ਼ਨ-ਚਿੰਨ੍ਹ ਹੈ।

੨ ਚੰਦੂ ਇੱਕ ਹਿੰਦੂ ਸੀ। ਉਸਨੂੰ ਕੀ ਲੋੜ ਸੀ ਯਾਸਾ (ਇਸਲਾਮੀ ਢੰਗ) ਅਨੁਸਾਰ ਗੁਰਦੇਵ ਜੀ ਨੂੰ ਤਸੀਹੇ ਦੇਣ ਦੀ?

੩ ਉਸਨੂੰ ਤਾਜ਼ੀ ਕਤਲ ਗਊ ਦੀ ਖੱਲ ਮੰਗਵਾਕੇ ਉਸ ਵਿੱਚ ਗੁਰਦੇਵ ਜੀ ਨੂੰ ਮੜਕੇ ਸ਼ਹੀਦ ਕਰਨ ਦੀ ਵਿਉਂਤ ਬਣਾਉਣ ਦੀ ਕੀ ਜ਼ਰੂਰਤ ਸੀ? ਕੀ ਇਹ ਹਿੰਦੂ ਦਾ ਕੰਮ ਹੈ?



Sri Satguru Jagjit Singh Ji eLibrary NamdhariElibrary@gmail.com

# ਸ਼ੇਖ ਅਹਿਮਦ ਸਰਹੰਦੀ ਦੀ ਸ਼ਖਸੀਅਤ

ਸ਼ੇਖ ਅਹਿਮਦ ਸਰਹੰਦੀ ਇੱਕ ਮੁਤਅਸਬੀ (ਕੱਟੜ ਫਿਰਕਾਪ੍ਰਸਤ), ਤੰਗਦਿਲ ਮੁਸਲਮਾਨ ਆਗੂ ਸੀ। ਉਹ ਇਸਲਾਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਸਿਆਸੀ ਤਾਕਤ ਦੀ ਵਰਤੋਂ ਨੂੰ ਆਪਣੇ ਮੱਤ ਅਨੁਕੂਲ ਜਾਇਜ਼ ਸਮਝਦਾ ਸੀ। ਇਸ ਕਾਜ਼ ਦੀ ਪੂਰਤੀ ਲਈ ਇਸਨੇ ਸਿਆਸਤਦਾਨਾਂ ਵਿੱਚ ਆਪਣੀ ਥਾਂ ਬਣਾਈ ਤੇ ਨਿਰਾ ਪੀਰ-ਫਕੀਰ ਬਣਕੇ ਇਸਲਾਮ ਦੇ ਪ੍ਰਚਾਰ ਦਾ ਖਿਆਲ ਤਿਆਗ ਦਿੱਤਾ।

ਇਸਦਾ ਇੱਕ ਮਾਤਰ ਨਿਸ਼ਾਨਾ ਸਾਰੇ ਹਿੰਦੁਸਤਾਨ ਵਿੱਚ ਇੱਕ ਛਤਰ ਇਸਲਾਮ ਦਾ ਆਪਣੇ ਢੰਗ ਨਾਲ ਪ੍ਰਚਾਰ ਕਰਨਾ ਸੀ। ਆਪਣੇ ਇਸ ਸੁਪਨੇ ਨੂੰ ਸਾਕਾਰ ਹੋਣ ਵਿੱਚ, ਇਸਨੂੰ ਗੁਰੂ ਅਰਜਨ ਦੇਵ ਜੀ ਰੁਕਾਵਟ ਜਾਪ ਰਹੇ ਸਨ। ਗੁਰੂ ਦੇ ਮਿਸ਼ਨ (ਸਿੱਖੀ ਲਹਿਰ) ਦਾ ਟਾਕਰਾ ਕਰਨ ਵਿੱਚ ਨਾਕਾਮਯਾਬੀ ਕਾਰਨ ਸ਼ੇਖ ਵਲੋਂ ਛੜਯੰਤਰ ਰਚਿਆ ਗਿਆ ਜਿਸ ਅਧੀਨ ਗੁਰਦੇਵ ਜੀ ਉੱਤੇ ਬੇ-ਬੁਨਿਆਦ ਤੁਹਮਤਾਂ ਅਤੇ ਬਹਾਨੇ ਘੜੇ ਗਏ। ਆਪਣੀ ਇਸ ਨਾਪਾਕ ਵਿਉਂਤ ਅਨੁਸਾਰ ਬਾਦਸ਼ਾਹ ਜਹਾਂਗੀਰ ਨੂੰ ਗੁੰਮਰਾਹ ਕੀਤਾ। ਬਾਦਸ਼ਾਹ ਨਾਲ ਇਸਲਾਮ ਦੀ ਚੜ੍ਹਤ ਲਈ ਹੋ ਚੁੱਕੇ ਸਮਝੌਤੇ ਅਨੁਸਾਰ ਝੂਠੇ ਆਰੋਪ ਦਾ ਸਹਾਰਾ ਲੈ ਕੇ ਗੁਰਦੇਵ ਜੀ ਨੂੰ ਦੋ ਲੱਖ ਰੁਪਏ ਦੰਡ ਲਗਵਾਇਆ। ਦੰਡ ਨਾ ਭਰਨ ਦੀ ਸੂਰਤ ਵਿੱਚ ਬਾਦਸ਼ਾਹ ਦੀ ਚੁੱਪੀ ਨੂੰ ਮੌਤ ਦੀ ਸਜ਼ਾ ਐਲਾਨਿਆ। ਬਾਦਸ਼ਾਹ ਦੇ ਨਾਂ ਦੀ ਖੂਬ ਕੁਵਰਤੋਂ ਕੀਤੀ ਬਾਦਸ਼ਾਹ ਦੇ ਨਿੱਜੀ ਸਲਾਹਕਾਰ (P.A.) ਨੂੰ ਆਪਣਾ ਮੁਰੀਦ ਬਣਾਕੇ ਉਸ ਪਾਸੋਂ 'ਤੁਜ਼ਕਿ- ਜਹਾਂਗੀਰੀ' ਪੁਸਤਕ ਵਿੱਚ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਚਾਰਜ਼ਸੀਟ ਦੇ ਰੂਪ ਵਿੱਚ ਹੇਠ ਲਿਖੀ ਇਬਾਰਤ ਲਿਖਵਾਈ –

ਗੋਇੰਦਵਾਲ ਵਿੱਚ————————ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ।

ਚੰਦੂ ਨੂੰ ਝਾਂਸਾ ਦੇ ਕੇ ਉਸ ਹੱਥੋਂ ਗੁਰਦੇਵ ਜੀ ਦਾ ਕਤਲ ਕਰਵਾਕੇ ਉਸ ਨੂੰ ਅਵੱਲ ਦਰਜੇ ਦਾ ਮੂਰਖ ਬਣਾਕੇ ਇਸ ਕਤਲ ਕਾਂਡ ਨੂੰ ਚੰਦੂ ਦੀ ਘਰੇਲੂ ਦੁਸ਼ਮਣੀ ਸਾਬਤ ਕਰ ਦਿੱਤਾ।

**'ਤੁਜ਼ਕਿ ਜਹਾਂਗੀਰੀ' ਨਾਮਕ ਰੋਜ਼ਨਾਮਚੇ ਵਿੱਚ ਹੇਠ ਲਿਖੀ ਇਬਾਰਤ ਲਿਖਵਾਈ'**, "ਗੋਇੰਦਵਾਲ, ਜੋ ਬਿਆਸ ਨਦੀ ਦੇ ਕਿਨਾਰੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿੱਚ (ਗੁਰੂ) ਅਰਜਨ ਨਾਂ ਦਾ ਇੱਕ ਹਿੰਦੂ ਰਹਿੰਦਾ ਹੈ। ਉਸਨੇ ਭੋਲੇ-ਭਾਲੇ ਹਿੰਦੂਆਂ ਸਗੋਂ ਬਹੁਤ ਸਾਰੇ ਮੂਰਖ ਅਤੇ ਨਾਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ-ਬਹਿਤ ਦਾ ਸ਼ਰਧਾਲੂ ਬਣਾਕੇ ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ



Sri Satguru Jagjit Singh Ji eLibrary NamdhariElibrary@gmail.com

ਉੱਚਾ ਵਜਾਇਆ ਹੋਇਆ ਹੈ। ਲੋਕ ਉਸ ਨੂੰ ਗੁਰੂ ਕਹਿੰਦੇ ਹਨ। ਸਾਰਿਆਂ ਪਾਸਿਆਂ ਤੋਂ ਫਰੇਬੀ ਤੇ ਠੱਗੀ ਪਸੰਦ ਲੋਕ ਉਸ ਕੋਲ ਆ ਕੇ ਉਸ ਉਤੇ ਪੂਰਾ ਏਤਕਾਦ ਤੇ ਸ਼ਰਧਾ ਦਾ ਇਜ਼ਹਾਰ ਕਰਦੇ ਹਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਦੁਕਾਨ ਗਰਮ ਹੈ। ਕਿਤਨੇ ਸਮੇਂ ਤੋਂ ਮੇਰੇ ਮਨ ਵਿੱਚ ਇਹ ਖਿਆਲ ਆਉਂਦਾ ਹੈ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿੱਚ ਲੈ ਆਉਣਾ ਚਾਹੀਦਾ ਹੈ।

ਇਨ੍ਹੀ ਦਿਨੀ ਹੀ ਖੁਸਰੋ ਨੇ ਬਿਆਸ ਦਰਿਆ ਪਾਰ ਕਰਕੇ ਗੁਰੂ ਦੇ ਕਹਿਣ ਤੇ ਉਸਦੇ ਡੇਰੇ ਤੇ ਪੜਾਅ ਕੀਤਾ। ਇਹ ਉਸਨੂੰ ਮਿਲਿਆ ਤੇ ਕਈ ਮਿੱਠੀਆਂ ਹੋਈਆਂ ਗੱਲਾਂ ਉਸਨੂੰ ਸੁਣਾਈਆਂ ਅਤੇ ਕੇਸਰ ਨਾਲ ਇੱਕ ਉਂਗਲੀ ਉਸਦੇ ਮੱਥੇ ਤੇ ਲਗਾਈ ਜਿਸ ਨੂੰ ਹਿੰਦੂ ਲੋਕ ਤਿਲਕ ਕਹਿੰਦੇ ਹਨ ਅਤੇ ਚੰਗਾ ਸ਼ਗਨ ਕਰਕੇ ਸਮਝਦੇ ਹਨ। ਜਦ ਇਹ ਗੱਲ ਮੇਰੇ ਕੰਨਾਂ ਵਿੱਚ ਪਈ ਤਦ ਮੈਂ ਅੱਗੇ ਹੀ ਇਨ੍ਹਾਂ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ ਅਤੇ ਉਸਦਾ ਮਾਲ ਅਸਬਾਬ ਜ਼ਬਤ ਕਰਕੇ ਯਾਸਾ ਦੇ ਸਖ਼ਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ।

ਉਪਰੋਕਤ ਇਬਾਰਤ ਵਿੱਚ ਬੇਹੱਦ ਖਾਮੀਆਂ ਹਨ ਕਿਉਂਕਿ ਇਹ ਜਹਾਂਗੀਰ ਦੀ ਸ਼ਖਸੀਅਤ ਅਤੇ ਇਤਿਹਾਸਕ ਘਟਨਾਵਾਂ ਨਾਲ ਮੇਲ ਨਹੀਂ ਖਾਂਦੀ। ਇਸ ਵਿੱਚ ਝੂਠ ਉਘੜ-ਉਘੜ ਕੇ ਸਾਹਮਣੇ ਆਉਂਦਾ ਹੈ ਅਤੇ ਸਪਸ਼ਟ ਜਾਲਸਾਜ਼ੀ ਮਹਿਸੂਸ ਹੁੰਦੀ ਹੈ।

ਇਹ ਇਬਾਰਤ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਦ ਲਿਖੀ ਸਪਸ਼ਟ ਹੁੰਦੀ ਹੈ ਕਿਉਂਕਿ ਉਸ ਵਿੱਚ ਲਿਖਿਆ ਹੈ ਕਿ 'ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ।' ਇਹ ਵਾਕ ਭੂਤ ਕਾਲ ਦਾ ਲਿਖਾਇਕ ਹੈ ਭਾਵ ਗੁਰੂ ਜੀ ਦੀ ਸ਼ਹੀਦੀ ਤੋਂ ਬਾਦ। ਜਦਕਿ ਜਹਾਂਗੀਰ ਸਿਰਫ਼ ਦੋ ਲੱਖ ਰੁਪੈ ਢੰਡ ਵਸੂਲ ਕਰਨ ਦਾ ਹੁਕਮ ਦੇ ਕੇ ਆਪ ਸਿੰਧ ਵੱਲ ਫੌਰਨ ਕੂਚ ਕਰ ਗਿਆ ਸੀ। ਦੰਡ ਨਾ ਵਸੂਲ ਹੋਣ ਦੀ ਹਾਲਤ ਵਿੱਚ ਉਹ ਚੁੱਪ ਸੀ। ਉਸ ਦੇ ਜਾਣ ਮਗਰੋ ਗੁਰਦੇਵ ਨੂੰ ਸ਼ਹੀਦ ਕੀਤਾ ਗਿਆ। ਜਿਸਦੀ ਉਸਨੂੰ ਸਿੰਧ ਵਿੱਚ ਹੁੰਦਿਆਂ ਕੋਈ ਖ਼ਬਰ ਨਹੀਂ ਸੀ। ਵਾਪਸ ਦਿੱਲੀ ਪਹੁੰਚਣ ਤੇ ਹੀ ਉਸਨੂੰ ਗੁਰਦੇਵ ਜੀ ਦੀ ਸ਼ਹੀਦੀ ਦੀ ਖਬਰ ਮਿਲੀ। ਹੁਣ ਸਵਾਲ ਇਹ ਉਠਦਾ ਹੈ ਕਿ ਇਸ ਦੌਰਾਨ ਇਹ ਇਬਾਰਤ 'ਤੁਜ਼ਕਿ ਜਹਾਂਗੀਰੀ' ਵਿੱਚ ਕਿਸਨੇ ਲਿਖਵਾਈ।

੧. ਜਹਾਂਗੀਰ ਬਾਦਸ਼ਾਹ ਦੇ ਜੀਵਨ ਪੜ੍ਹਨ ਉਪਰੰਤ ਇਹ ਅਹਿਸਾਸ ਹੁੰਦਾ ਹੈ ਕਿ ਉਹ ਪੀਰਾਂ-ਫ਼ਕੀਰਾਂ ਦਾ ਬਹੁਤ ਹੀ ਆਦਰ ਕਰਦਾ ਸੀ। ਉਹ ਕਈ ਵਾਰ ਸਾਂਈ ਮੀਆਂ ਮੀਰ ਜੀ ਕੋਲ ਰੁਹਾਨੀਅਤ ਤੇ ਵਿਚਾਰ ਸੁਣਨ ਆਉਂਦਾ ਸੀ। ਐਸਾ ਮਨੁੱਖ ਕਦੀ ਵੀ ਹੇਠ ਲਿਖੀ ਇਹ ਸਤਰ ਨਹੀਂ ਲਿਖ ਸਕਦਾ, ਜੋ ਕਿ



Sri Satguru Jagjit Singh Ji eLibrary NamdhariElibrary@gmail.com

ਇਹ ਵੀ ਜਾਣਦਾ ਹੋਵੇ ਕਿ ਮੇਰੇ ਪਿਤਾ ਇਸ ਦਰ ਤੇ ਆਏ ਅਤੇ ਸੰਤੁਸ਼ਟ ਹੋ ਕੇ ਗਏ ਹਨ।

"ਆਪਣੇ ਵਲੀ ਤੇ ਪੀਰ ਹੋਣ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ।"

ਇਹ ਸਤਰਾਂ ਕਿਸੀ ਈਰਖਾਲੂ ਪੁਰਸ਼ ਦੀਆਂ ਹਨ। ਸੋ ਸਪਸ਼ਟ ਹੈ ਇਹ ਮਨੁੱਖ ਸ਼ੇਖ ਅਹਿਮਦ ਸਰਹੰਦੀ ਸੀ।

੨ ਜਹਾਂਗੀਰ ਜਦ ਜਵਾਨ ਹੋਇਆ ਤਾਂ ਅਕਬਰ ਨੇ ਉਸਨੂੰ ਪੂਰਬ ਵੱਲ ਆਸਾਮ-ਬੰਗਾਲ ਦਾ ਗਵਰਨਰ ਬਣਾਕੇ ਭੇਜ ਦਿੱਤਾ ਸੀ। ਇਸ ਲਈ ਉਸਦਾ ਸੰਬੰਧ ਪੰਜਾਬ ਵੱਲ ਹੈ ਹੀ ਨਹੀਂ ਸੀ। ਸੋ ਹੇਠ ਲਿਖੀਆਂ ਸਤਰਾਂ ਨਿਰਮੂਲ ਸਾਬਤ ਹੁੰਦੀਆਂ ਹਨ ਕਿ............ ਕਿਤਨੇ ਸਮੇਂ ਤੋਂ ਮੇਰੇ ਮਨ ਵਿੱਚ ਇਹ ਖਿਆਲ ਆਉਂਦਾ ਸੀ ਕਿ ਝੂਠ ਦੀ ਇਸ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ।

ਜਹਾਂਗੀਰ ਜਦ ਗੱਦੀ ਤੇ ਬੈਠਿਆ ਤਾਂ ਉਸਦਾ ਸੰਬੰਧ ਪੰਜਾਬ ਨਾਲ ਜੁੜਿਆ। ਉਸਤੋਂ ਪਹਿਲਾਂ ਉਸਨੂੰ ਕਿਸ ਗੱਲ ਤੇ ਗੁਰਦੇਵ ਜੀ ਨਾਲ ਈਰਖਾ ਸੀ? ਜਦ ਕਿ ਉਸ ਤੋਂ ਪਹਿਲਾਂ ਗੁਰੂ ਘਰ ਨਾਲ ਉਸਦਾ ਵਾਸਤਾ ਹੀ ਨਹੀਂ ਸੀ।

ਇਹ ਸਤਰਾਂ ਜਹਾਂਗੀਰ ਦੀਆਂ ਨਹੀਂ ਸਗੋਂ ਸ਼ੇਖ ਅਹਿਮਦ ਸਰਹੰਦੀ ਦੀਆਂ ਹਨ ਕਿਉਂਕਿ ਇਸਲਾਮ ਦੇ ਪ੍ਰਚਾਰ ਲਈ ਉਸਨੂੰ ਗੁਰਦੇਵ ਜੀ ਰੁਕਾਵਟ ਜਾਪ ਰਹੇ ਸੀ।

੩ ਜਹਾਂਗੀਰ ਕੋਈ ਸ਼ਰਾ ਦਾ ਪਾਬੰਦ ਵੀ ਨਹੀਂ ਸੀ ਅਤੇ ਕੋਈ ਪਰੇਜ਼ਗਾਰ ਵੀ ਨਹੀਂ ਸੀ। ਹਿੰਦੂ ਮਾਂ ਤੋਂ ਪੈਦਾ ਹੋਣ ਕਾਰਣ ਅਤੇ ਹਿੰਦੂ ਰਾਣੀਆਂ ਕਾਰਣ ਉਹ ਹਿੰਦੂ ਮੁਸਲਿਮ ਸੰਸਕਾਰਾਂ ਵਾਲਾ ਮਿਲਗੋਭਾ ਜੀਵਨ ਜੀ ਰਿਹਾ ਸੀ। ਫਿਰ ਉਹ ਅਜਿਹੀ ਹੇਠ ਲਿਖੀ ਸਤਰ ਕਿਸਤਰ੍ਹਾਂ ਲਿਖ ਸਕਦਾ ਹੈ?

ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿੱਚ ਲੈ ਆਉਣਾ ਚਾਹੀਦਾ ਹੈ।

ਜਦ ਇੱਕ ਮਨੁੱਖ ਨਾ-ਮਾਤਰ ਦਾ ਮੁਸਲਮਾਨ ਹੈ ਅਤੇ ਇਸਲਾਮ ਤੇ ਉਸਨੂੰ ਸ਼ਰਧਾ ਵੀ ਨਹੀਂ, ਕੀ ਉਹ ਐਸੀਆਂ ਸਤਰਾਂ ਜੋ ਉਸਦੇ ਜੀਵਨ ਅਤੇ ਆਚਾਰ-ਵਿਚਾਰ ਦੇ ਵਿਰੁੱਧ ਹੋਣ, ਲਿਖ ਸਕਦਾ ਹੈ?

੪ ਜਹਾਂਗੀਰ ਦੀ ਮਾਤਾ ਅਤੇ ਨਾਨਕਾ ਪਰਿਵਾਰ ਹਿੰਦੂ ਹੋਣ ਕਾਰਣ ਉਹ ਹਿੰਦੂ ਰਹਿਤ- ਬਹਿਤ ਤੋਂ ਭਲੀ-ਭਾਂਤ ਜਾਣੂ ਸੀ। ਇੱਥੇ ਹੀ ਬਸ ਨਹੀਂ, ਉਸਨੇ ਤਿੰਨ ਹਿੰਦੂ ਰਾਜਕੁਮਾਰੀਆਂ ਨਾਲ ਵਿਆਹ ਵੀ ਕਰਵਾਏ। ਸੰਭਵ ਹੈ ਕਿ ਉਹ ਹਿੰਦੂ ਰੀਤੀ-ਰਿਵਾਜਾਂ ਤੋਂ ਭਲੀ-ਭਾਂਤ ਜਾਣੂ ਸੀ। ਫਿਰ ਹੇਠ ਲਿਖੀ ਸਤਰ ਵਿਚ



Sri Satguru Jagjit Singh Ji eLibrary NamdhariElibrary@gmail.com

ਅੰਜਾਣਾਪਣ ਕਿਉ?

ਇਕ ਉਂਗਲੀ ਉਸਦੇ ਮੱਥੇ ਤੇ ਲਗਾਈ ਜਿਸਨੂੰ ਹਿੰਦੂ ਤਿਲਕ ਕਹਿੰਦੇ ਹਨ ਅਤੇ ਚੰਗਾ ਸ਼ਗਨ ਕਰਕੇ ਸਮਝਦੇ ਹਨ।

ਇਸ ਸਤਰ ਲਿਖਣ ਦਾ ਅੰਦਾਜ਼ ਉਪਰੇ ਮਨੁੱਖ (Third Person) ਦਾ ਹੈ। ਭਾਵ ਜਿਸ ਤਰ੍ਹਾਂ ਉਸ ਦਾ ਕਦੀ ਇਨ੍ਹਾਂ ਸੰਸਕਾਰਾਂ ਨਾਲ ਵਾਸਤਾ ਹੀ ਨਹੀਂ ਪਿਆ ਯਾ ਜਾਣਦਾ ਹੀ ਨਹੀਂ। ਜਦ ਕਿ ਵਿਆਹਾਂ ਵਿੱਚ ਕੇਸਰ ਖ਼ੂਬ ਵਰਤਦੇ ਹਨ ਅਤੇ ਉਸਨੇ ਤਿੰਨ ਸ਼ਾਦੀਆਂ ਹਿੰਦੂ ਸੰਸਕਾਰਾਂ ਅਨੁਸਾਰ ਹਿੰਦੂ ਰਾਜਕੁਮਾਰੀਆਂ ਨਾਲ ਕੀਤੀਆਂ ਸਨ।

੫ ਅਗਰ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਕੱਤਲ ਕਰਨ ਦਾ ਹੁਕਮ ਦਿੱਤਾ ਹੁੰਦਾ ਤਾਂ ਮੁਰਤਜ਼ਾ ਖ਼ਾਨ ਦੀ ਕੀ ਮਜ਼ਾਲ ਸੀ ਜਿਸਤੇ ਅਮਲ ਨਾ ਕਰਦਾ। ਇਸਤੋਂ ਸਾਫ਼ ਜ਼ਾਹਿਰ ਹੈ ਕਿ ਬਾਦਸ਼ਾਹ ਨੇ ਕੋਈ ਹੁਕਮ ਦਿੱਤਾ ਹੀ ਨਹੀਂ ਸੀ।

ਇਤਿਹਾਸ ਗਵਾਹ ਹੈ ਕਿ ਮੁਰਤਜ਼ਾ ਖ਼ਾਨ ਨੇ ਗੁਰੂ ਘਰ ਦਾ ਕੋਈ ਮਾਲ-ਅਸਬਾਬ ਜ਼ਬਤ ਨਹੀਂ ਕੀਤਾ ਅਤੇ ਨਾ ਹੀ ਗੁਰੂ ਹਰਗੋਬਿੰਦ ਜੀ ਨੂੰ ਆਪਣੀ ਹਿਰਾਸਤ ਵਿੱਚ ਲਿਆ। ਵੈਸੇ ਵੀ ਝੂਠ ਸਪਸ਼ਟ ਹੈ, ਲਿਖਿਆ ਹੈ 'ਮਾਲ-ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ' ਭਾਵ ਕੰਮ ਹੋ ਚੁੱਕਾ ਹੈ। ਜਦਕਿ ਇਹ ਕੰਮ ਹੋਇਆ ਹੀ ਨਹੀਂ ਖੈਰ.....। ਅਸਲ ਵਿੱਚ ਇਨ੍ਹਾਂ ਸਤਰਾਂ ਦਾ ਕਰਤਾ ਬਾਦਸ਼ਾਹ ਨਹੀਂ ਬਲਿਕ ਸ਼ੇਖ ਅਹਿਮਦ ਸਰਹੰਦੀ ਹੈ।

੬. ਇਤਿਹਾਸਕਾਰ ਜਹਾਂਗੀਰ ਬਾਦਸ਼ਾਹ ਨੂੰ ਆਪਣੇ ਸਮੇਂ ਦਾ ਬਹੁਤ ਵੱਡਾ ਨਿਆਂਕਾਰ ਰਾਜਾ ਮੰਨਦੇ ਹਨ। ਫਿਰ ਤਾਂ ਹੇਠ ਲਿਖੀਆਂ ਸਤਰਾਂ ਉਸ ਸਖਸ਼ੀਅਤ ਦੇ ਬਿਲਕੁਲ ਉਲਟ ਹੈ, "ਉਸ ਨੂੰ ਸਿਆਸਤ ਅਤੇ ਯਾਸਾ ਦੇ ਸਖਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ।"

ਹੁਣ ਵਿਚਾਰਣ ਵਾਲੀ ਗੱਲ ਇਹ ਹੈ ਕਿ ਇੱਕ ਨਿਆਂਕਾਰ ਮਨੁੱਖ ਬਿਨਾਂ ਕਿਸੀ ਕਾਰਣ ਨਿਰਦੋਸ਼ੇ ਮਨੁੱਖ ਪ੍ਰਤੀ ਐਸੀਆਂ ਹਦਾਇਤਾਂ ਕਿਵੇ ਕਰ ਸਕਦਾ ਹੈ? ਜਦਕਿ ਇਸ ਇਬਾਰਤ ਵਿੱਚ ਗੁਰਦੇਵ ਜੀ ਦਾ ਕੋਈ ਕਸੂਰ ਨਹੀਂ ਲਿਖਿਆ ਹੋਇਆ। ਸੋ ਸ਼ਪਸਟ ਹੈ ਐਸੀਆਂ ਹਿਦਾਇਤਾਂ ਕਰਣ ਵਾਲਾ ਹੋਰ ਕੋਈ ਨਹੀਂ ਸਿਰਫ਼ ਸ਼ੇਖ ਅਹਿਮਦ ਸਰਹੰਦੀ ਹੀ ਹੈ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਉਪਰੋਕਤ ਲਿਖਤ ਕਿਸਦੀ ਹੈ? ਜੇਕਰ ਜਹਾਂਗੀਰ ਦੇ ਹੱਥਾਂ ਦੀ ਹੁੰਦੀ ਤਾਂ ਉਹ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਸੰਬੰਧ ਸੁਧਰਨ ਤੇ ਠੀਕ ਨਹੀਂ ਸੀ ਕਰ ਸਕਦਾ?



Sri Satguru Jagjit Singh Ji eLibrary NamdhariElibrary@gmail.com

# ਸ਼ੇਖ ਫ਼ਰੀਦ ਬੁਖ਼ਾਰੀ

ਸ਼ੇਖ ਫ਼ਰੀਦ ਬੁਖ਼ਾਰੀ ਅਕਬਰ ਦੇ ਸ਼ਾਸ਼ਨ-ਕਾਲ ਵਿੱਚ ਹੀ ਇੱਕ ਵਰਿਸ਼ਟ ਸੈਨਿਕ ਅਧਿਕਾਰੀ ਸੀ। ਉਸ ਸਮੇਂ ਕੇਂਦਰੀ ਸੇਨਾ ਨਾਲ ਸੰਬੰਧਿਤ ਹੋਣ ਕਾਰਣ ਜਹਾਂਗੀਰ ਨੇ ਤਖਤ ਦੀ ਪ੍ਰਾਪਤੀ ਲਈ ਇਸ ਵੱਲ ਦੋਸਤੀ ਦਾ ਹੱਥ ਵਧਾਇਆ। ਸ਼ੇਖ ਹੋਣ ਦੇ ਨਾਤੇ ਜਹਾਂਗੀਰ ਦਾ ਮੇਲ ਆਪਣੇ ਮੁਰਸ਼ਦ ਸ਼ੇਖ ਅਹਿਮਦ ਸਰਹੰਦੀ ਨਾਲ ਕਰਾਇਆ। ਦੋਨਾਂ ਵਿੱਚ ਇੱਕ ਗੁਪਤ ਸਮਝੌਤਾ ਕਰਵਾਇਆ ਕਿ ਜਹਾਂਗੀਰ ਗੱਦੀ ਪ੍ਰਾਪਤ ਹੋਣ ਤੋਂ ਬਾਅਦ ਰਾਜ ਸ਼ਕਤੀ ਇਸਲਾਮ ਦੀ ਵਾਧੇ ਲਈ ਵਰਤੇਗਾ ਤੇ ਇਸਦੇ ਬਦਲੇ ਸ਼ੇਖ ਅਹਿਮਦ ਸਰਹੰਦੀ ਆਪਣੀ ਪੀਰੀ ਫਕੀਰੀ ਨਾਲ ਕੀਤੇ ਜਨਤਾ ਵਿਚਲੇ ਰਸੂਖ ਨੂੰ ਜਹਾਂਗੀਰ ਨੂੰ ਤਖਤ ਦਿਵਾਉਣ ਲਈ ਵਰਤੇਗਾ। ਇਸਨੇ ਖੁਸਰੋ ਦੀ ਬਗਾਵਤ ਨੂੰ ਦਬਾਕੇ ਲਾਹੌਰ ਦੇ ਕਿਲ੍ਹੇ ਨੂੰ ਬਚਾਇਆ ਤੇ ਖੁਸਰੋ ਨੂੰ ਪਕੜਕੇ ਸਜਾ-ਏ-ਮੌਤ ਦਿਵਾਈ।

## ਸ਼ੇਖ ਅਹਿਮਦ ਸਰਹੰਦੀ ਦੀ ਚਿੱਠੀ ਜੋ ਗੁਰਦੇਵ ਜੀ ਦੀ ਸ਼ਹਾਦਤ ਮਗਰੋਂ ਪ੍ਰਸੰਨਤਾ ਵਜੋਂ ਲਿਖੀ ਹੋਈ ਹੈ-

"ਗੋਇੰਦਵਾਲ ਦੇ ਇਸ ਭ੍ਰਿਸ਼ਟ ਕਾਫ਼ਰ (ਗੁਰੂ ਅਰਜਨ ਦੇਵ ਜੀ) ਦੀ ਸ਼ਹਾਦਤ ਸਾਡੀ ਇੱਕ ਵੱਡੀ ਪ੍ਰਾਪਤੀ ਅਤੇ ਜਿੱਤ ਹੈ। ਇਸ ਨਾਲ ਘ੍ਰਿਣਤ ਹਿੰਦੂਆਂ ਨੂੰ ਵੀ ਇੱਕ ਵੱਡੀ ਤੇ ਜਲਾਲਤ ਭਰੀ ਹਾਰ ਹੋਈ ਹੈ। ਭਾਵੇਂ ਉਸਨੂੰ ਕਿਸੇ ਤਰ੍ਹਾਂ ਮਾਰਿਆ ਗਿਆ, ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਖਤਮ ਕੀਤਾ ਗਿਆ, ਇਸ ਨਾਲ ਸਮੂਹ ਕਾਫ਼ਰਾਂ ਦਾ ਭਾਰੀ ਨੁਕਸਾਨ ਹੋਇਆ ਹੈ। ਸਮੂਹ ਮੁਲਸਮਾਨਾਂ ਲਈ ਇਹ ਬੜੇ ਫਾਇਦੇ ਅਤੇ ਵਾਧੇ ਦੀ ਘਟਨਾ ਹੈ। ਇਸ ਕਾਫ਼ਰ ਦੀ ਸ਼ਹਾਦਤ ਤੋਂ ਪਹਿਲਾਂ ਮੈਨੂੰ ਇੱਕ ਬੜਾ ਚੰਗਾ ਸੁਪਨਾ ਵੀ ਆਇਆ ਸੀ, ਜਿਸ ਵਿੱਚ ਮੈਂ ਤੱਕਿਆ ਸੀ ਕਿ ਬਾਦਸ਼ਾਹ ਜਹਾਂਗੀਰ ਨੇ ਕੁਫ਼ਰ ਦਾ ਸਿਰ ਕੁਚਲ ਦਿੱਤਾ ਹੈ। ਇਸ ਵਿੱਚ ਸ਼ੱਕ ਹੀ ਨਹੀਂ ਕਿ ਇਹ ਕਾਫ਼ਰ (ਗੁਰੂ ਅਰਜਨ ਦੇਵ ਜੀ) ਧਰਮ ਹੀਣੇ ਲੋਕਾਂ ਦਾ ਸਿਰਮੌਰ ਤੇ ਕਾਫ਼ਰਾਂ ਦਾ ਵੱਡਾ ਮੁਖੀ ਸੀ।"



Sri Satguru Jagjit Singh Ji eLibrary NamdhariElibrary@gmail.com

# ਸਮੀਖਸ਼ਾ

ਅਸੀਂ ਰੋਜ਼ਾਨਾ ਦ ਜ਼ਿੰਦਗੀ ਵਿੱਚ ਦੇਖਦੇ ਹਾਂ ਕਿ ਇਕ ਆਮ ਆਦਮੀ ਦਾ ਜੀਵਨ ਵੀ ਅਸਲ ਨਾਲੋਂ ਕੁੱਝ ਵੱਖਰਾ ਹੁੰਦਾ ਹੈ। ਭਾਵ, ਉਹ ਕਹਿੰਦਾ ਕੁਝ ਹੈ, ਕਰਦਾ ਕੁਝ ਹੈ। ਕਰਣੀ ਤੇ ਕਥਨੀ ਵਿੱਚ ਬਹੁਤ ਫ਼ਰਕ ਹੁੰਦਾ ਹੈ। ਵਿਸ਼ੇਸ਼ਕਰ ਰਾਜਨੀਤਕ ਬੰਦੇ ਏਸੇ ਤਰ੍ਹਾਂ ਦੇ ਹੁੰਦੇ ਹਨ। ਛਲ-ਕਪਟ ਹੀ ਉਨ੍ਹਾਂ ਦੀ ਰਾਜਨੀਤੀ ਹੁੰਦੀ ਹੈ। ਉਨ੍ਹਾਂ ਦੇ ਮਖੌਟਿਆਂ ਤੋਂ ਅਸਲੀਅਤ ਨਹੀਂ ਪਹਿਚਾਣੀ ਜਾ ਸਕਦੀ। ਜਨਤਾ ਨੂੰ ਗੁੰਮਰਾਹ ਕਰਣਾ ਇਨ੍ਹਾਂ ਦਾ ਮੁੱਖ ਨਿਸ਼ਾਨਾ ਹੁੰਦਾ ਹੈ। ਇਹ ਲੋਕ ਬਹੁਤ ਵੱਡੇ ਜਾਲਸਾਜ਼ ਹੁੰਦੇ ਹਨ। ਇਸ ਮੰਤਵ ਦੀ ਪੂਰਤੀ ਲਈ ਖੂਬ ਅਫ਼ਵਾਹਾਂ ਫੈਲਾਈਆਂ ਜਾਦੀਆਂ ਹਨ। ਜਿਸ ਨਾਲ ਇਨ੍ਹਾਂ ਦੇ ਗਲਤ ਕੰਮਾਂ ਤੇ ਪਰਦਾ ਪੈ ਜਾਂਦਾ ਹੈ। ਕਿਸੀ ਦੂਜੇ ਨੂੰ ਬਲੀ ਦਾ ਬੱਕਰਾ ਬਣਾ ਆਪ ਸਾਫ਼ ਨਿਕਲਣ ਵਿੱਚ ਸਫਲ ਹੋ ਜਾਂਦੇ ਹਨ।

ਅੱਜ ਵੀ ਅਸੀਂ ਹਰ ਰੋਜ਼ ਇਨ੍ਹਾਂ ਦੁਆਰਾ ਕੀਤੇ ਕਾਰੇ ਅਖਬਾਰਾਂ ਵਿੱਚ ਪੜ੍ਹਦੇ ਹਾਂ ਅਤੇ ਮਹਿਸੂਸ ਕਰਦੇ ਹਾਂ ਕਿ ਕਿਸੀ ਕਾਂਡ ਦਾ ਪਰਦਾ-ਫਾਸ਼ ਹੋਣ ਬਾਅਦ ਅਸਲ ਸਰੂਪ ਹੋਰ ਹੀ ਹੁੰਦਾ ਹੈ ਜੋ ਇਹ ਲੋਕ ਉਸਤੋਂ ਪਹਿਲਾਂ ਆਪਣੇ ਪੱਖ ਵਿੱਚ ਪ੍ਰਚਾਰਦੇ ਹਨ। ਵਿਸ਼ੇਸ਼ਕਰ ਝੂਠੇ ਪੁਲਿਸ ਮੁਕਾਬਲੇ ਬਹੁਤ ਹੀ ਪ੍ਰਸਿੱਧ ਹਨ। ਖੈਰ.......! ਠੀਕ ਇਸੀ ਪ੍ਰਕਾਰ ਉਸ ਸਮੇਂ ਵੀ ਰਾਜਨੀਤਕ ਲੋਕ ਇਸੀ ਪ੍ਰਕਾਰ ਦੇ ਕਤਲ ਕਾਂਡ ਕਰਦੇ ਸਨ ਅਤੇ ਆਪਣੇ ਆਪ ਨੂੰ ਬਰੀ ਦਰਸਾਉਣ ਲਈ ਜਨ-ਸਾਧਾਰਣ ਵਿੱਚ ਮਨੋ-ਕਲਪਿਤ ਝੂਠੀਆਂ ਕਹਾਣੀਆਂ ਦਾ ਪ੍ਰਚਾਰ ਕਰਕੇ ਜਨਤਾ ਨੂੰ ਗੁੰਮਰਾਹ ਕਰਨ ਵਿੱਚ ਸਫਲ ਹੋਣ ਤੇ ਕਿਸੀ ਦੂਸਰੇ ਨੂੰ ਕਸੂਰਵਾਰ ਠਹਿਰਾਉਂਦੇ ਸਨ। ਚੰਦੂ ਵਰਗੇ ਖੁਸ਼ਾਮਦੀ ਬੰਦੇ ਇਨ੍ਹਾਂ ਦੀਆਂ ਸਾਜ਼ਸਾਂ ਨੂੰ ਨਾ ਸਮਝਣ ਕਾਰਣ ਇਨ੍ਹਾਂ ਦੇ ਸ਼ਿਕਾਰ ਬਣ ਜਾਂਦੇ ਸਨ। ਹੁਣ ਸੰਗਤਾਂ ਖੁਦ ਵਿਚਾਰ ਕਰਨ ਕਿ ਅਸਲ ਕਾਤਲ ਕੌਣ ਸੀ? ਚੰਦੂ, ਜਹਾਂਗੀਰ, ਸ਼ੇਖ ਅਹਿਮਦ ਸਰਹੰਦੀ ਯਾ ਸ਼ੇਖ ਫ਼ਰੀਦ ਬੁਖ਼ਾਰੀ, ਮੁਰਤਜ਼ਾ ਖ਼ਾਨ ਯਾ ਕੋਈ ਹੋਰ?

# 'ਪ੍ਰਤਖਦਰਸ਼ੀ'

ਜਹਾਂਗੀਰ ਦੀ ਕਚਹਿਰੀ ਵਿੱਚ ਗੁਰੂ ਅਰਜਨ ਦੇਵ ਜੀ ਮਹਿਸੂਸ ਕਰ ਰਹੇ ਸਨ ਕਿ ਦੋਖੀ ਆਦਿ ਬੀੜ ਸਾਹਿਬ ਵਿੱਚ ਰਲਾ ਕਰਵਾ ਦੇ ਧੁਰ ਕੀ ਬਾਣੀ ਦੀ ਮਹਿਮਾ ਨੂੰ ਖਤਮ ਕਰਣਾ ਚਾਹੁੰਦੇ ਹਨ ਯਾ ਬੀੜ ਨੂੰ ਨੁਕਸਾਨ ਪਹੁੰਚਾਕੇ ਬਰਬਾਦ ਕਰਣਾ ਚਾਹੁੰਦੇ ਹਨ ਕਿਉਂਕਿ ਬਾਣੀ ਹੀ ਉਨ੍ਹਾਂ ਨੂੰ ਆਪਣੇ ਪਰਚਾਰ ਵਿੱਚ ਰੁਕਾਵਟ ਜਾਪ ਰਹੀ ਸੀ। ਬਾਣੀ ਦਾ ਹਰਮਨ ਪਿਆਰਾ ਹੋਣਾ ਉਨ੍ਹਾਂ ਦੀ ਬਰਦਾਸ਼ਤ ਤੋਂ ਬਾਹਰ ਹੈ।



Sri Satguru Jagjit Singh Ji eLibrary NamdhariElibrary@gmail.com

ਉਹ ਨਹੀਂ ਚਾਹੁੰਦੇ ਕਿ ਲੋਕ-ਬੋਲੀ ਵਿੱਚ ਗਿਆਨ ਵੰਡਿਆ ਜਾਏ, ਜਿਸ ਨਾਲ ਉਨ੍ਹਾਂ ਦੀ ਅਖੌਤੀ ਪੀਰੀ-ਫਕੀਰੀ (ਗੁਰੂ-ਡੰਮ) ਦੀ ਦੁਕਾਨ ਨੂੰ ਨੁਕਸਾਨ ਪਹੁੰਚੇ। ਇਸ ਲਈ ਸਾਵਧਾਨੀ ਵਰਤਦੇ ਹੋਏ ਗੁਰਦੇਵ ਜੀ ਨੇ ਆਪਣੇ ਨਾਲ ਆਏ ਹੋਏ ਸੇਵਕਾਂ ਨੂੰ ਹੁਕਮ ਦਿੱਤਾ ਕਿ ਆਦਿ ਬੀੜ ਦੀ ਸੇਵਾ ਸੰਭਾਲ ਕਰਦੇ ਹੋਏ ਤੁਸੀਂ ਤਰੁੰਤ ਵਾਪਸ ਅੰਮ੍ਰਿਤਸਰ ਚਲੇ ਜਾਓ ਕਿਉਂਕਿ ਦੇਵਨੇਤ ਹੀ ਦੋਖੀ ਹਾਲੇ ਤੱਕ ਆਪਣੀ ਸਾਜਿਸ਼ ਵਿੱਚ ਕਾਮਯਾਬ ਨਹੀਂ ਹੋਏ, ਵੈਸੇ ਉਨ੍ਹਾਂ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਛੱਡੀ। ਇਸਤੋਂ ਪਹਿਲਾਂ ਕਿ ਉਹ ਮੁੜ ਕੋਈ ਨਵਾਂ ਕਾਰਾ ਕਰਨ, ਤੁਸੀ ਬੀੜ ਸਾਹਿਬ ਸੁਰੱਖਿਅਤ ਥਾਂ ਅੰਮ੍ਰਿਤਸਰ ਪਹੁੰਚਾ ਦਿਓ।

ਦੂਰਅੰਦੇਸ਼ੀ ਗੁਰਦੇਵ ਜੀ ਦੋਖੀਆਂ ਦੀ ਬਦਨੀਤੀ ਨੂੰ ਭਾਂਪ ਰਹੇ ਸਨ। ਉਹ ਨਹੀਂ ਸਨ ਚਾਹੁੰਦੇ ਕਿ ਧੁਰ ਕੀ ਬਾਣੀ ਨੂੰ ਕੋਈ ਨੁਕਸਾਨ ਪਹੁੰਚੇ ਕਿਉਂਕਿ ਉਨ੍ਹਾਂ ਪਾਸ ਆਦਿ ਬੀੜ ਦੀ ਮੂਲ-ਪ੍ਰਤੀ (First copy) ਹੀ ਸੀ ਹਾਲੇ ਹੋਰ ਉਤਾਰੇ ਨਹੀਂ ਸੀ ਹੋਏ। ਜੋ ਉਤਾਰਾ ਲਾਹੌਰ ਦੀਆਂ ਸੰਗਤਾਂ ਵੱਲੋਂ ਹੋਇਆ ਸੀ (ਭਾਈ ਬੰਨੋ ਵਾਲੀ ਬੀੜ) ਆਪਜੀ ਉਸ ਨਾਲ ਸਹਿਮਤ ਨਹੀਂ ਸਨ।

ਗੁਰੂਦੇਵ ਜੀ ਦਾ ਹੁਕਮ ਹੁੰਦਿਆਂ ਹੀ ਨਾਲ ਆਏ ਸਾਰੇ ਸਿੱਖ ਆਦਿ ਬੀੜ ਸਾਹਿਬ ਦੀ ਸੇਵਾ ਸੰਭਾਲ ਕਰਦੇ ਹੋਏ ਵਾਪਸ ਮੁੜ ਗਏ। ਜਦ ਹਕੂਮਤ ਵੱਲੋਂ ਗੁਰਦੇਵ ਜੀ ਨੂੰ ਦੋ ਲੱਖ ਰੁਪਏ ਦੰਡ ਲਗਾਇਆ ਗਿਆ ਤਾਂ ਦੰਡ ਨਾ ਭਰਨ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤਾਂ ਹਜ਼ੂਰੀ ਸੇਵਕ ਨੂੰ ਵੀ ਅੱਡ ਕਰ ਦਿੱਤਾ ਗਿਆ। ਗੁਰਦੇਵ ਜੀ ਨੇ ਹਜ਼ੂਰੀ ਸੇਵਕ ਦੇ ਹੱਥ ਸੰਦੇਸ਼ ਭੇਜਕੇ ਲਾਹੌਰ ਦੀਆਂ ਸੰਗਤਾਂ ਨੂੰ ਮਾਇਆ ਢੰਡ ਵਜੋਂ ਭਰਨ ਤੋਂ ਵਰਜ਼ ਦਿੱਤਾ। ਇਸ ਸਮੇਂ ਵਿੱਚ ਚੰਦੂ, ਮੁਰਤਜ਼ਾ ਖ਼ਾਨ ਪਾਸੋਂ ਗੁਰਦੇਵ ਜੀ ਨੂੰ ਸਰਕਾਰੀ ਦੇਖ-ਰੇਖ ਵਿੱਚ ਆਪਣੇ ਘਰ (ਹਵੇਲੀ) ਵਿੱਚ ਲੈ ਗਿਆ ਤਾਂ ਗੁਰਦੇਵ ਜੀ ਇਕੱਲੇ ਹੀ ਸਨ। ਜਦ ਹਜ਼ੂਰੀ ਸੇਵਕ ਨੇ ਲਾਹੌਰ ਦੀਆਂ ਸੰਗਤਾਂ ਨੂੰ ਸਾਰੇ ਬਿਰਤਾਂਤ ਤੋਂ ਜਾਣੂੰ ਕਰਾਇਆ ਤਾਂ ਸੰਗਤਾਂ ਚੰਦੂ ਦੀ ਹਵੇਲੀ ਪੁੱਜੀਆਂ ਪਰੰਤੂ ਸਮਾਂ ਜ਼ਿਆਦਾ ਬੀਤ ਚੁੱਕਾ ਸੀ। ਇਸ ਲਈ ਸੰਗਤਾਂ ਵਿੱਚੋਂ ਕੁਝ ਸੂਝਵਾਨ ਸਿੱਖਾਂ ਨੇ ਇਹ ਖ਼ਬਰ ਸਾਂਈ ਮੀਆਂ ਮੀਰ ਜੀ ਨੂੰ ਜਾ ਦਿੱਤੀ ਅਤੇ ਉਨ੍ਹਾਂ ਨੂੰ ਕੋਈ ਉਪਰਾਲਾ ਕਰਨ ਲਈ ਬੇਨਤੀ ਕੀਤੀ। ਸਾਂਈ ਮੀਆਂ ਮੀਰ ਜੀ ਆਪਣੇ ਰਸੂਖ ਨਾਲ ਸੰਗਤਾਂ ਬਿਨਾਂ ਲਾਹੌਰ ਦੇ ਸ਼ਾਹੀ ਕਿਲ੍ਹੇ ਅੰਦਰ ਪੁੱਜਣ ਵਿੱਚ ਸਫਲ ਤਾਂ ਹੋ ਗਏ ਪਰੰਤੂ ਉਹ ਕਰ ਕੁਝ ਨਾ ਸਕੇ ਸਿਰਫ਼ ਗੁਰਦੇਵ ਜੀ ਤੋਂ ਭਾਣਾ ਮੰਨਣ ਦਾ ਉਪਦੇਸ਼ ਲੈ ਵਾਪਸ ਪਰਤ ਆਏ। ਸੰਗਤਾਂ ਦੀ ਪੁੱਛ-ਗਿੱਛ ਤੇ ਜੋ ਸਾਂਈ ਮੀਆਂ ਮੀਰ ਜੀ ਨੇ ਅੱਖੀਂ ਦੇਖੇ ਬ੍ਰਿਤਾਂਤ ਦੱਸੇ ਬਸ ਉਹ ਹੀ ਇੱਕ ਮਾਤਰ ਚਸ਼ਮਦੀਦ ਗਵਾਹੀ ਹੈ ਕਿਉਂਕਿ ਗੁਰਦੇਵ ਜੀ ਨਾਲ ਸ਼ਹੀਦੀ ਸਮੇਂ ਕੋਈ ਵੀ ਸਿੱਖ ਨਹੀਂ ਸੀ।

ਇਹ ਹੀ ਕਾਰਣ ਹੈ ਕਿ ਸ਼ਹੀਦੀ ਮਗਰੋਂ ਬਹੁਤ ਗਲਤ-ਫਹਿਮੀਆਂ ਪੈਦਾ



Sri Satguru Jagjit Singh Ji eLibrary NamdhariElibrary@gmail.com

ਹੋਈਆਂ ਕਿਉਂਕਿ ਦੁਸ਼ਮਣ ਨੇ ਸਭ ਕੁਝ ਗਿਣ-ਮਿਥਕੇ ਗੁਪਤ ਰੂਪ ਵਿੱਚ ਕੀਤਾ ਜਿਸਦੀ ਸੂ ਕੰਨੋ-ਕੰਨ ਕਿਸੀ ਨੂੰ ਵੀ ਹੋਣ ਨਹੀਂ ਦਿੱਤੀ। ਇਥੋਂ ਤੱਕ ਕਿ ਭਾਈ ਗੁਰਦਾਸ ਜੀ ਵੀ ਕੁਝ ਨਾ ਦੱਸ ਸਕੇ...........।

**ਨੋਟ :- ਪਰਚਲਤ ਸ਼ਹੀਦੀ ਦੀਆਂ ਤਸਵੀਰਾਂ ਬਿਲਕੁਲ ਮਨੋਕਲਪਿਤ, ਗਲਤ ਅਤੇ ਝੂਠੀਆਂ ਹਨ।**

## ਕੁਝ ਸ਼ੰਕਿਆ ਉਪਰ ਵਿਚਾਰ

ਮਨੁੱਖੀ ਸਮਾਜ ਵਿੱਚ ਹਰ ਇਕੱ ਮਨੁੱਖ ਦੇ ਕੁਝ ਮਿੱਤਰ ਤੇ ਕੁਝ ਸ਼ੱਤਰੂ ਵੀ ਜ਼ਰੂਰ ਹੁੰਦੇ ਹਨ, ਚਾਹੇ ਮਨੁੱਖ ਕਿੰਨਾਂ ਚੰਗਾਂ ਜਾਂ ਮਹਾਨ ਵਿਦਵਾਨ ਵੀ ਕਿਉਂ ਨਾ ਹੋਵੇ। ਚੰਗੇ ਮਨੁੱਖ ਦੇ ਦੁਸ਼ਮਣ ਉਸਤੋਂ ਈਰਖਾ ਵਸ ਪੈਦਾ ਹੁੰਦੇ ਹਨ ਅਤੇ ਉਨ੍ਹਾਂ ਦਾ ਨਿਸ਼ਾਨਾ ਚੰਗੇ ਯਾ ਮਹਾਨ ਮਨੁੱਖ ਨੂੰ ਗੁੰਮਰਾਹ ਕਰਕੇ ਉਸਦੇ ਅਸਲੀ ਨਿਸ਼ਾਨੇ ਤੋਂ ਹਟਾਉਣਾ ਹੁੰਦਾ ਹੈ। ਪ੍ਰਕ੍ਰਿਤੀ ਦੇ ਨਿਯਮ ਅਨੁਸਾਰ ਗੁਰੂ ਅਰਜਨ ਦੇਵ ਜੀ ਦੇ ਵੀ ਕੁਝ ਦੁਸ਼ਮਣ ਉਨ੍ਹਾਂ ਦੇ ਮਹਾਨ ਹੋਣ ਕਾਰਨ ਸਨ ਜੋ ਕਿ ਉਨ੍ਹਾਂ ਨੂੰ ਸਮੇਂ-੨ ਆਪਣੇ ਮਾਰਗ ਤੋਂ ਵਿਚਲਿਤ ਕਰਕੇ ਭਟਕਾਉਣਾ ਚਾਹੁੰਦੇ ਸਨ ਪਰੰਤੂ ਦ੍ਰਿੜ ਗੁਰਦੇਵ ਜੀ ਹਰ ਸਮੇਂ ਅਡੋਲ ਰਹਿੰਦੇ ਸਨ ਭਾਵੇ ਉਨ੍ਹਾਂ ਨੂੰ ਕਿੰਨੀਆਂ ਵੀ ਔਕੜਾਂ ਪੇਸ਼ ਕਿਉਂ ਨਾ ਆਈਆਂ ਹੋਣ। ਮਨੁੱਖੀ ਸਮਾਜ ਵਿੱਚ ਵੇਖਿਆ ਗਿਆ ਹੈ ਕਿ ਹਰ ਸ਼ਤਰੂ ਜਾਨੀ ਦੁਸ਼ਮਣ ਨਹੀਂ ਹੁੰਦਾ, ਬਸ ਉਹ ਥੋੜਾ ਬਹੁਤ ਨੁਕਸਾਨ ਪਹੁੰਚਾਉਣਾ ਚਾਹੁੰਦਾ ਹੈ ਨਾਂ ਕਿ ਹੱਤਿਆ ਕਰਨਾ। ਜੇਕਰ ਕਿਸੀ ਇਕ ਮਨੁੱਖ ਦੀ ਹੱਤਿਆ ਹੁੰਦੀ ਹੈ ਤਾਂ ਸ਼ੱਕ ਬਹੁਤਾ ਸ਼ਤਰੂਆਂ ਤੇ ਹੀ ਕੀਤਾ ਜਾਂਦਾ ਹੈ ਪਰ ਅਸਲ ਹੱਤਿਆਰਾ ਤਾਂ ਇਕੋ ਹੀ ਹੁੰਦਾ ਹੈ ਜਿਸਨੇ ਸਾਜਿਸ਼ ਰਚੀ ਜਾਂ ਜਿਸਨੇ ਉਸਨੂੰ ਵਿਵਹਾਰਿਕ ਰੂਪ ਦਿੱਤਾ। ਬਾਕੀ ਦੇ ਸ਼ਤਰੂ ਅਣਗੋਲੇ ਕਰ ਦਿੱਤੇ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਹੱਤਿਆ ਕਾਂਡ ਨਾਲ ਕੋਈ ਸੰਬੰਧ ਨਹੀਂ ਹੁੰਦਾ।

ਅੱਜ ਦੇ ਯੁੱਗ ਵਿੱਚ ਕਿਸੀ ਹੱਤਿਆ ਕਾਂਡ ਦੀ ਨਿਆਂਇਕ ਜਾਂਚ (Judical Enquiry) ਕਰਵਾਉਣ ਲਈ ਜੇਕਰ ਕੋਈ ਜਾਂਚ ਆਯੋਗ ਬੈਠਾਇਆ ਜਾਂਦਾ ਹੈ ਤਾਂ ਉਹ ਵੀ ਛੜਯੰਤਰਕਾਰੀ ਅਤੇ ਹੱਤਿਆ ਕਰਨ ਵਾਲੇ ਮੁਜਰਮਾਂ ਤੱਕ ਹੀ ਸੀਮਤ ਰਹਿੰਦੀ ਹੈ। ਮਖਤੂਲ ਦੇ ਬਾਕੀ ਦੇ ਦੁਸ਼ਮਣਾਂ ਨੂੰ ਬਿਲਕੁਲ ਵੀ ਨਹੀਂ ਉਲਝਾਇਆ ਜਾਂਦਾ ਕਿਉਂਕਿ ਐਸਾ ਕਰਨ ਨਾਲ ਕੇਸ ਕਮਜ਼ੋਰ ਅਤੇ ਸ਼ੱਕੀ ਹੋ ਜਾਂਦਾ ਹੈ ਜਿਸਤੋਂ ਫਾਇਦਾ ਉਠਾਉਂਦੇ ਹੋਏ ਅਸਲ ਹਤਿਆਰੇ ਸ਼ੱਕ ਦੀ ਬੁਨਿਆਦ ਤੇ ਨਿਕਲਣ ਵਿੱਚ ਸਫਲ ਹੋ ਸਕਦੇ ਹਨ। ਠੀਕ ਇਸੀ ਪ੍ਰਕਾਰ ਗੁਰੂ ਅਰਜਨ ਦੇਵ ਜੀ ਦੇ ਹੱਤਿਆ ਕਾਂਡ ਨੂੰ ਜੇ ਅੱਜ ਅਦਾਲਤੀ ਜਾਂਚ ਲਈ ਭੇਜੀਏ ਤਾਂ ਉਨ੍ਹਾਂ ਦੇ ਦੁਸ਼ਮਣਾਂ ਦੀ ਸੂਚੀ ਬਹੁਤ ਲੰਮੀ ਬਣ ਸਕਦੀ ਹੈ ਪ੍ਰੰਤੂ ਅਦਾਲਤ ਨੇ ਸਿਰਫ਼ ਉਨ੍ਹਾਂ ਮੁਜ਼ਰਿਮਾਂ ਨੂੰ ਆਪਣੇ ਦਾਇਰੇ ਵਿੱਚ ਲੈਣਾ ਹੈ ਜੋ ਛੜਯੰਤਰਕਾਰੀ ਸਨ ਯਾ ਪ੍ਰਤੱਖ ਕਾਤਲ। ਬਾਕੀ ਦੁਸ਼ਮਣਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਆਪਣੀ ਜਾਂਚ ਦੇ ਦਾਇਰੇ ਵਿੱਚ ਨਹੀਂ ਲੈਣਾ ਕਿਉਂਕਿ ਉਹ ਕਾਲਵਸ ਹੋ ਚੁੱਕੇ ਸਨ। ਜਿਵੇਂ ਪ੍ਰਿਥੀ ਚੰਦ, ਬੀਰਬਲ (ਮਹੇਸ਼ ਦਾਸ), ਭਗਤ ਕਾਨ੍ਹਾਂ ਅਤੇ ਪੀਲੂ ਇਤਿਆਦਿ। ਸੁਭਾਵਕ ਹੈ ਇਨ੍ਹਾਂ ਲੋਕਾਂ ਦੀ ਗੁਰਦੇਵ ਜੀ ਨਾਲ ਆਪਣੇ ਨਿੱਜੀ ਸੁਆਰਥਾਂ ਕਾਰਨ ਈਰਖਾ ਵਸ ਦੁਸ਼ਮਣੀ ਸੀ ਪ੍ਰੰਤੂ ਇਹ ਸਭ ਕਾਲ-ਵਾਸ ਬਹੁਤ ਸਮਾਂ ਪਹਿਲਾਂ ਹੋ ਚੁੱਕੇ ਸਨ ਜਿਸ ਕਾਰਨ ਗੁਰਦੇਵ ਜੀ ਦੀ ਸ਼ਹੀਦੀ ਨਾਲ ਇਨ੍ਹਾਂ ਦਾ ਦੂਰ ਦਾ ਵਾਸਤਾ ਵੀ ਨਹੀਂ। ਜੇਕਰ ਅਸੀਂ ਇਨ੍ਹਾਂ ਲੋਕਾਂ ਨੂੰ ਗੁਰਦੇਵ ਜੀ ਦੀ ਸ਼ਹੀਦੀ ਨਾਲ ਜੋੜਾਂਗੇ ਤਾਂ ਸ਼ਹੀਦੀ ਦੇ ਮਹੱਤਵ ਨੂੰ ਘਟਾਵਾਂਗੇ ਹੀ ਨਹੀਂ ਬਲਕਿ ਸਿੱਖ ਜਗਤ ਨੂੰ ਬੁਰੀ ਤਰ੍ਹਾਂ ਗੁੰਮਰਾਹ ਹੀ ਕਰਾਂਗੇ ਕਿਉਂਕਿ ਇਨ੍ਹਾਂ ਲੋਕਾਂ ਦਾ ਨਾ ਸ਼ਹੀਦੀ ਨਾਲ ਜੁੜਨ ਨਾਲ 'ਸ਼ਹੀਦੀ', ਸ਼ਹੀਦੀ ਹੀ ਨਹੀਂ ਰਹਿੰਦੀ ਸਗੋਂ ਇੱਕ ਹੱਤਿਆ ਕਾਂਡ ਬਣ ਜਾਂਦਾ ਹੈ। ਇਸਲਈ ਸਾਨੂੰ ਸਭ ਤੋਂ ਪਹਿਲਾਂ ਸ਼ਹੀਦ ਦੀ ਪਰੀਭਾਸ਼ਾ ਨੂੰ ਸਮਝਣਾ ਅਤਿ ਜ਼ਰੂਰੀ ਹੈ।

## ਸ਼ਹੀਦ ਦੀ ਪਰੀਭਾਸ਼ਾ

ਉਹ ਮਨੁੱਖ ਜੋ ਦੁਸ਼ਮਣ ਦੁਆਰਾ ਬਾਰ-ਬਾਰ ਲਲਕਾਰੇ ਜਾਣ ਦੇ ਬਾਵਜੂਦ ਆਪਣੇ ਆਦਰਸ਼ ਤੇ ਪਹਿਰਾ ਦੇਂਦਾ ਹੋਇਆ ਆਪਾ ਕੁਰਬਾਨ ਕਰ ਦੇਵੇ ਭਾਵ ਮਾਰਿਆ ਜਾਵੇ ਪ੍ਰੰਤੂ ਆਪਣਾ ਦ੍ਰਿੜ ਇਰਾਦਾ ਨਾ ਬਦਲੇ। ਉਸ ਮਨੁੱਖ ਨੂੰ ਸ਼ਹੀਦ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਉਹ ਮਨੁੱਖ ਜਿਸ ਨੂੰ ਆਪਣੀ ਜਾਨ ਬਚਾਉਣ ਲਈ ਘੱਟੋ-ਘੱਟ ਇੱਕ ਮੌਕਾ ਦਿੱਤਾ ਜਾਂਦਾ ਹੈ ਕਿ ਤੂੰ ਆਪਣਾ ਆਦਰਸ਼ਵਾਦੀ ਰਾਹ ਛੱਡ ਤੇ ਸਾਡੇ ਆਖੇ ਚੱਲ ਤਾਂ ਤੇਰੀ ਜਾਨ ਬਖਸ਼ ਦਿੱਤੀ ਜਾਏਗੀ। ਪਰ ਕਈ ਮਨੁੱਖ ਅਜਿਹਾ ਨਾ ਕਰਕੇ ਬਲਕਿ ਲੜਕੇ ਮਰਨਾ ਪਸੰਦ ਕਰਦੇ ਹਨ ਤਾਂ ਉਹ ਸ਼ਹੀਦ ਦਾ ਦਰਜਾ ਪਾਉਂਦੇ ਹਨ। ਜੇਕਰ ਉਹ ਆਪਣੇ ਆਦਰਸ਼ ਤੋਂ ਖਿੜਕ ਜਾਂਦੇ ਹਨ ਉਹ ਸ਼ਹੀਦ ਕਹਾਉਣ ਦੇ ਹੱਕਦਾਰ ਨਹੀਂ ਹੁੰਦੇ।

ਇਹ ਸਿਧਾਂਤ ਰਣ ਖੇਤਰ ਵਿਚ ਜੂਝ ਰਹੇ ਸੈਨਿਕਾਂ ਤੇ ਵੀ ਲਾਗੂ ਹੁੰਦਾ ਹੈ। ਉਨਾਂ ਨੂੰ ਵੀ ਵਿਰੋਧੀ ਸੈਨਿਕ ਹਥਿਆਰ ਸੁਟਣ ਲਈ ਯਾ ਭਜ ਜਾਣ ਦਾ ਪੂਰਾ ਮੌਕਾ ਦੇਂਦੇ ਹਨ, ਪਰੰਤੂ ਕਈ ਸੈਨਿਕ ਐਸਾ ਨ ਕਰਕੇ ਬਲਕਿ ਲੜ ਕੇ ਮਰਨਾਂ ਪਸੰਦ ਕਰਦੇ ਹਨ ਤਾਂ ਉਹ ਸ਼ਹੀਦ ਕਹਿਲਵਾਂਦੇ ਹਨ, ਨਹੀਂ ਤਾਂ ਨਹੀਂ !!

ਠੀਕ ਇਸੀ ਪ੍ਰਕਾਰ ਦੁਸ਼ਮਣ ਨੇ ਗੁਰੂ ਅਰਜਨ ਦੇਵ ਜੀ ਦੇ ਅੱਗੇ ਇਕ ਸ਼ਰਤ ਰੱਖੀ ਸੀ ਕਿ ਇਸਲਾਮ ਕਬੂਲੋ ਜਾਂ ਮੌਤ। ਗੁਰਦੇਵ ਨੇ ਮੌਤ ਲਈ ਪ੍ਰਵਾਨਗੀ ਦਿੱਤੀ ਅਤੇ ਸ਼ਹੀਦੀ ਪ੍ਰਾਪਤ ਕੀਤੀ।

ਜੇਕਰ ਅਸੀਂ ਬਿਨਾਂ ਸੋਚੇ ਸਮਝੇ ਅਫਵਾਹਾਂ ਅਨੁਸਾਰ ਇਤਹਾਸ ਸੁਣਾਇਆ ਤਾਂ ਸ਼ਹੀਦੀ ਨੂੰ ਲੋਕ ਆਤਮ-ਹੱਤਿਆ ਸਮਝਣ ਲੱਗ ਜਾਣਗੇ ਜਿਵੇਂ ਕਿ ਕਈ



Sri Satguru Jagjit Singh Ji eLibrary NamdhariElibrary@gmail.com

ਅਖੌਤੀ ਪ੍ਰਚਾਰਕ ਸੁਣਾਉਂਦੇ ਹਨ ਕਿ ਗੁਰਦੇਵ ਜੀ ਨੇ ਇੱਛਾ ਪ੍ਰਗਟ ਕੀਤੀ ਕਿ ਮੈਂ ਰਾਵੀ ਦਰਿਆ ਵਿੱਚ ਇਸ਼ਨਾਨ ਕਰਨਾ ਚਾਹੁੰਦਾ ਹਾਂ ਅਤੇ ਉਹ ਇਸ਼ਨਾਨ ਕਰਨ ਗਏ ਤੇ ਮੁੜ ਨਾ ਪਰਤੇ ਇਤਿਆਦ। ਇਸ਼ਨਾਨ ਕਰਨ ਦੀ ਇੱਛਾ ਇੱਕ ਤੰਦਰੁਸਤ ਇਨਸਾਨ ਹੀ ਕਰ ਸਕਦਾ ਹੈ। ਇਸਦੇ ਵਿਪਰੀਤ ਉਹ ਮਨੁੱਖ ਜਿਸਨੂੰ ਗਰਮ ਲੋਹ ਤੇ ਬੈਠਾਕੇ ਸਾੜਿਆ ਗਿਆ, ਸਿਰ ਤੇ ਰੇਤ ਪਾਈ ਗਈ ਅਤੇ ਫਿਰ ਉਬਾਲਿਆ ਗਿਆ, ਕਿਸ ਤਰ੍ਹਾਂ ਜੀਵਤ ਰਹਿ ਸਕਦਾ ਹੈ? ਪਾਠਕ ਆਪ ਹੀ ਵਿਚਾਰਨ।

ਜਿਥੋਂ ਤਕ ਜਹਾਂਗੀਰ ਦੇ ਹੁਕਮ ਦਾ ਸੰਬੰਧ ਹੈ, ਉਹ ਰਾਜ ਗੱਦੀ ਪ੍ਰਾਪਤੀ ਲਈ ਕੋਈ ਵੀ ਕੀਮਤ ਚੁਕਾਉਣ ਲਈ ਤਿਆਰ ਸੀ। ਹਕੂਮਤ ਪ੍ਰਾਪਤੀ ਹੀ ਉਸਦਾ ਦੀਨ-ਈਮਾਨ ਸੀ। ਇਸਦੀ ਇਸ ਕਮਜ਼ੋਰੀ ਦਾ ਨਕਸ਼-ਬੰਦੀਆਂ ਦੇ ਮੁਰਸ਼ਦ ਸ਼ੇਖ ਅਹਿਮਦ ਸਰਹੰਦੀ ਨੇ ਪੂਰਾ ਫਾਇਦਾ ਉਠਾਇਆ ਕਿਉਂਕਿ ਉਨ੍ਹਾਂ ਨੂੰ ਉਦਾਰਵਾਦੀ ਖੁਸਰੋ ਦੇ ਰਾਜਗੱਦੀ ਤੇ ਬੈਠਣ ਨਾਲ ਆਪਣਾ ਮਕਸਦ ਹੱਲ ਹੁੰਦਾ ਦਿਖਾਈ ਨਹੀਂ ਦੇ ਰਿਹਾ ਸੀ। ਉਹ ਖੁਸਰੋ ਨੂੰ ਮਰਵਾਉਣਾ ਚਾਹੁੰਦੇ ਸਨ ਪਰ ਜਹਾਂਗੀਰ ਦੋਚਿਤੀ ਵਿੱਚ ਸੀ ਕਿ ਉਹ ਆਪਣੇ ਹੀ ਪੁੱਤਰ ਨੂੰ ਕਿਸਤਰ੍ਹਾਂ ਮੌਤ ਦੀ ਸਜਾ ਦੇਵਾਂ? ਉਹ ਸੋਚ ਰਿਹਾ ਸੀ ਜੇਕਰ ਬਗਾਵਤ ਕਰਨ ਤੇ ਮੇਰਾ ਪਿਤਾ ਮੈਨੂੰ ਮੌਤ ਦੇ ਘਾਟ ਉਤਾਰ ਦਿੰਦਾ ਤਾਂ ਅੱਜ ਖੁਸਰੋ ਹੀ ਰਾਜਗੱਦੀ ਦਾ ਮਾਲਕ ਹੁੰਦਾ। ਮੇਰੇ ਪਿਤਾ ਨੇ ਮੈਨੂੰ ਵੀ ਮਾਫ ਕਰ ਦਿੱਤਾ ਸੀ। ਹਾਲੇ ਉਹ ਦੁੱਚਿਤੀ ਕਾਰਨ ਸੋਚਾਂ ਵਿੱਚ ਹੀ ਸੀ ਕਿ ਦੁਸ਼ਟਾਂ ਜਹਾਂਗੀਰ ਦੀ ਖ਼ਾਮੋਸ਼ੀ ਨੂੰ ਸਜਾ-ਏ-ਮੌਤ ਸਮਝਕੇ ਖੁਸਰੋ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ਬਸ ਐਸਾ ਹੀ ਕਾਰਾ ਉਹਨਾਂ ਗੁਰੂ ਅਰਜਨ ਦੇਵ ਜੀ ਦੇ ਵੇਲੇ ਵੀ ਕੀਤਾ। ਬਾਦਸ਼ਾਹ ਜਹਾਂਗੀਰ ਦੀ ਖਾਮੋਸ਼ੀ ਨੂੰ ਆਪਣੀ ਮਨਮਰਜ਼ੀ ਦੇ ਅਰਥ ਦੇ ਕੇ ਗੁਰਦੇਵ ਜੀ ਨੂੰ ਸ਼ਹੀਦ ਕਰ ਦਿੱਤਾ।

ਨੋਟ:- ਗੁਰੂ ਅਰਜਨ ਦੇਵ ਜੀ ਆਤਮਿਕ ਸ਼ਕਤੀਆਂ ਦੇ ਸੁਆਮੀ ਸਨ ਪ੍ਰੰਤੂ ਆਪ ਜੀ ਇਹ ਸਰੀਰਿਕ ਕਸ਼ਟ ਇਸ ਲਈ ਸਹਾਰਦੇ ਰਹੇ ਕਿ ਆਪ ਜੀ ਦਾ ਵਿਸ਼ਵਾਸ ਸੀ ਕਿ ਆਤਮਿਕ ਸ਼ਕਤੀ ਅਪਣੇ ਨਿੱਜੀ ਸਵਾਰਥਾਂ ਲਈ ਨਹੀਂ ਵਰਤਣੀ ਚਾਹੀਦੀ ਅਤੇ ਆਪ ਜੀ ਆਪਣੇ ਸ਼ਰੀਰ ਦੀ ਕੁਰਬਾਨੀ ਦੇ ਕੇ ਜਨਸਾਧਾਰਣ ਲਈ ਇਕ ਉਦਾਹਰਣ ਪੇਸ਼ ਕਰਨਾ ਚਾਹੁੰਦੇ ਸਨ ਜੋ ਕਿ ਸਮਾਂ ਆਉਣ ਤੇ ਉਨ੍ਹਾਂ ਲਈ ਪ੍ਰੇਰਣਾ ਬਣ ਸਕੇ। ਜੇਕਰ ਆਪ ਆਤਮਿਕ ਸ਼ਕਤੀ ਦੀ ਅਪਣੇ ਬਚਾਓ ਲਈ ਵਰਤੋਂ ਕਰਦੇ ਤਾਂ ਦੁਸ਼ਮਣ ਆਪ ਜੀ ਦਾ ਵਾਲ ਵੀ ਵਿੰਗਾ ਨਹੀਂ ਸੀ ਕਰ ਸਕਦੇ।



Sri Satguru Jagjit Singh Ji eLibrary NamdhariElibrary@gmail.com

PL-0924

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com